## ਅਧਿਆਇ ਚੌਥਾ

# ਸੰਤ ਸਿੰਘ ਸੇਖੋਂ ਦੀਆਂ ਕਹਾਣੀਆਂ ਵਿਚ ਕਿਸਾਨੀ ਜੀਵਨ : ਸਮਾਜ-ਸਭਿਆਚਾਰਕ ਅਧਿਐਨ

ਸੰਤ ਸਿੰਘ ਸੇਖੋਂ ਪੰਜਾਬੀ ਦਾ ਪ੍ਰਸਿੱਧ ਕਹਾਣੀਕਾਰ ਹੈ, ਜਿਸਦੀ ਆਮਦ ਨਾਲ ਪੰਜਾਬੀ ਸਾਹਿਤ ਅਤੇ ਚਿੰਤਨ ਦੋਵੇਂ ਹੀ ਨਵੀਂ ਦਿਸ਼ਾ ਗ੍ਰਹਿਣ ਕਰਦੇ ਹਨ। ਸੇਖੋਂ ਦੇ ਪ੍ਰਵੇਸ਼ ਨਾਲ ਪੰਜਾਬੀ ਸਾਹਿਤ ਆਪਣੀ ਮੱਧਕਾਲੀ ਅਧਿਆਤਮਕ ਵਿਚਾਰਧਾਰਾ ਵਾਲੀ ਪਰੰਪਰਾ ਨਾਲੋਂ ਨਾਤਾ ਤੋੜਕੇ ਨਵੀਂ ਚਿੰਤਨ ਪਰੰਪਰਾ ਦਾ ਲੜ ਫੜਦਾ ਹੈ। ਆਧੁਨਿਕ ਚਿੰਤਨ ਦੀ ਇਹ ਪਰੰਪਰਾ ਉਸਦੀਆਂ ਕਿਰਤਾਂ ਦੇ ਵਿਧਾ ਪੱਖ ਤੋਂ ਹੀ ਨਹੀਂ ਸਗੋਂ ਉਸਦੀ ਰਚਨਾ ਦ੍ਰਿਸ਼ਟੀ ਵਿਚੋਂ ਵੀ ਉਜਾਗਰ ਹੁੰਦੀ ਹੈ, ਜੋ ਉਸਦੀਆਂ ਕਿਰਤਾਂ ਵਿਚ ਧੁਨੀ ਦੇ ਰੂਪ ਵਿਚ ਸਮਾਈ ਹੋਈ ਹੈ। ਭਾਵੇਂ ਆਧੁਨਿਕ ਸਾਹਿਤ ਰੂਪ ਪੰਜਾਬੀ ਵਿਚ ਸੇਖੋਂ ਤੋਂ ਪਹਿਲਾਂ ਹੀ ਮੌਜੂਦ ਸਨ, ਪਰ ਉਨ੍ਹਾਂ ਦੀ ਦਿੱਖ ਹੀ ਆਧੁਨਿਕ ਸੀ, ਆਪਣੀ ਆਤਮਾ ਤੋਂ ਉਹ ਅਜੇ ਮੱਧਯੁੱਗੀ ਚਿੰਤਨ ਤੋਂ ਹੀ ਪ੍ਰਭਾਵਿਤ ਸਨ। ਉਪਰੋਕਤ ਧਾਰਨਾ ਸੇਖੋਂ ਰਚਿਤ ਕਹਾਣੀਆਂ ਦੇ ਪ੍ਰਸੰਗ ਵਿਚ ਵੀ ਢੁਕਵੀਂ ਪ੍ਰਤੀਤ ਹੁੰਦੀ ਹੈ। ਇਸੇ ਕਰਕੇ ਪੰਜਾਬੀ ਦੇ ਕਈ ਗਲਪ ਆਲੋਚਕ ਪੰਜਾਬੀ ਕਹਾਣੀ ਦਾ ਆਰੰਭ ਸੇਖੋਂ ਤੋਂ ਮੰਨਣ ਦਾ ਸੁਝਾਅ ਦੇਂਦੇ ਹਨ।[1] ਡਾ. ਤੇਜਵੰਤ ਸਿੰਘ ਗਿੱਲ ਵੀ ਮੁੱਢਲੀ ਪੰਜਾਬੀ ਕਹਾਣੀ ਬਾਰੇ ਚਰਚਾ ਕਰਦਾ ਹੋਇਆ ਲਿਖਦਾ ਹੈ ਕਿ ਭਾਵੇਂ ਸੇਖੋਂ ਤੋਂ ਪਹਿਲਾਂ ਕਰਤਾਰ ਸਿੰਘ ਦੁੱਗਲ ਅਤੇ ਸੁਜਾਨ ਸਿੰਘ ਵੀ ਕਹਾਣੀ ਰਚਨਾ ਕਰ ਰਹੇ ਸਨ ਅਤੇ ਪੰਜਾਬੀ ਕਹਾਣੀ ਦੇ ਉਦਭਵ ਵਿਚ ਉਨ੍ਹਾਂ ਦੀ ਦੇਣ ਮਹੱਤਵਪੂਰਣ ਹੈ, ਪਰ ਉਦਭਵ ਤੇ ਆਰੰਭ ਵਿਚਲੇ ਸੂਖਮ ਅੰਤਰ ਵੱਲ ਇਸ਼ਾਰਾ ਕਰਦਾ ਹੋਇਆ ਉਹ ਪੰਜਾਬੀ ਕਹਾਣੀ ਦਾ ਆਰੰਭ ਸੰਤ ਸਿੰਘ ਸੇਖੋਂ ਤੋਂ ਮੰਨਦਾ ਹੈ।[2] ਸੰਤ ਸਿੰਘ ਸੇਖੋਂ ਨੂੰ ਪੰਜਾਬੀ ਦੇ ਮੁੱਢਲੇ ਕਹਾਣੀਕਾਰ ਵਜੋਂ ਸਥਾਪਿਤ ਕਰਨ ਲਈ ਡਾ. ਸਵਿੰਦਰ ਸਿੰਘ ਉੱਪਲ ਆਪਣੇ ਢੰਗ ਨਾਲ ਤਰਕ ਉਸਾਰਦਾ ਹੋਇਆ ਸੇਖੋਂ ਨੂੰ ਪੰਜਾਬੀ

ਦਾ ਪਹਿਲਾ ਕਹਾਣੀਕਾਰ ਮੰਨਦਾ ਹੈ, ਜਿਸਨੇ ਪੱਛਮੀ ਤਕਨੀਕ ਨੂੰ ਮੁੱਖ ਰੱਖਕੇ ਸਿਰਫ਼ ਕਹਾਣੀਆਂ ਹੀ ਨਹੀਂ ਲਿਖੀਆਂ, ਸਗੋਂ ਨਵੇਂ ਕਹਾਣੀਕਾਰਾਂ ਨੂੰ ਸੇਧ ਵੀ ਦਿੱਤੀ।[3] ਸੇਖੋਂ ਨੂੰ ਨਿੱਕੀ ਕਹਾਣੀ ਦੀ ਆਤਮਾ ਨੂੰ ਸਮਝਣ ਵਾਲੇ ਪਹਿਲੇ ਪੰਜਾਬੀ ਕਹਾਣੀਕਾਰ ਹੋਣ ਦਾ ਮਾਣ ਵੀ ਪੰਜਾਬੀ ਵਿਦਵਾਨਾਂ ਵੱਲੋਂ ਦਿੱਤਾ ਗਿਆ ਹੈ।[4] ਪੰਜਾਬੀ ਗਲਪ ਦੇ ਵਿਦਵਾਨ ਸੇਖੋਂ ਦੀ ਗਲਪ ਵਿਸ਼ੇਸ਼ ਕਰਕੇ ਕਹਾਣੀ ਬਾਰੇ ਚਰਚਾ ਕਰਦੇ ਹੋਏ ਜਦੋਂ ਉਸਦੀਆਂ ਕਹਾਣੀਆਂ ਦਾ ਸਥਾਨ ਪੰਜਾਬੀ ਕਹਾਣੀ ਦੀ ਪਰੰਪਰਾ ਵਿਚ ਨਿਸ਼ਚਿਤ ਕਰਦੇ ਹਨ ਤਾਂ ਉਸਦੀ ਦੇਣ ਪੰਜਾਬੀ ਕਹਾਣੀ ਨੂੰ ਸੁਧਾਰਵਾਦ, ਮਾਨਵਵਾਦ, ਰੋਮਾਂਚਵਾਦ ਦੀ ਥਾਂ ਜੀਵਨ ਸੰਘਰਸ਼ ਦੀ ਪੇਸ਼ਕਾਰੀ ਨਾਲ ਜੋੜਨ ਵਿਚ ਵੇਖਦੇ ਹਨ। ਭਾਵ ਸੇਖੋਂ ਦੀ ਕਹਾਣੀ ਦੀ ਵਿਲੱਖਣਤਾ ਇਸਦੀ ਜ਼ਿੰਦਗੀ ਦੇ ਮਸਲਿਆਂ ਦੀ ਪੇਸ਼ਕਾਰੀ ਵਿਚ ਨਿਰਧਾਰਿਤ ਕਰਦੇ ਹਨ।[5] ਸੇਖੋਂ ਦੀ ਕਹਾਣੀ ਦਾ ਇਹ ਮੁਹਾਂਦਰਾ ਇਸ ਕਰਕੇ ਹੀ ਸੰਭਵ ਹੋ ਸਕਿਆ, ਕਿਉਂਕਿ ਉਸਨੇ ਆਪਣੇ ਯੁੱਗ ਦੀ ਚੇਤਨਾ ਨੂੰ ਸਿਰਫ਼ ਪਛਾਣਿਆ ਹੀ ਨਹੀਂ, ਸਗੋਂ ਉਸਦੇ ਹਾਣ ਦਾ ਹੋ ਕੇ ਉਸ ਚੇਤਨਾ ਨੂੰ ਆਪਣੀਆਂ ਕਹਾਣੀਆਂ ਵਿਚ ਕੇਂਦਰੀ ਥੀਮ ਦੇ ਤੌਰ 'ਤੇ ਪੇਸ਼ ਕੀਤਾ ਤੇ ਇਸ ਕਿਸਮ ਦੀ ਕਹਾਣੀ ਸਥਾਪਿਤ ਪਰੰਪਰਾ ਨਾਲੋਂ ਨਿਸ਼ਚੇ ਹੀ ਵੱਖਰੀ ਸੁਰ ਵਾਲੀ ਸੀ।[6]

ਸੰਤ ਸਿੰਘ ਸੇਖੋਂ ਪੰਜਾਬੀ ਦਾ ਬਹੁ-ਵਿਧਾਵੀ ਸਾਹਿਤਕਾਰ ਹੈ, ਜਿਸਨੇ ਸਿਰਜਣਾਤਮਿਕ ਸਾਹਿਤ ਦੇ ਨਾਲ-ਨਾਲ ਪੰਜਾਬੀ ਦਾ ਸਾਹਿਤ-ਸ਼ਾਸਤਰ ਉਸਾਰਣ ਵਿਚ ਵੀ ਗੰਭੀਰ ਤੇ ਮੋਹਰੀ ਭੂਮਿਕਾ ਨਿਭਾਈ। ਸੰਤ ਸਿੰਘ ਸੇਖੋਂ ਉਨ੍ਹਾਂ ਮੁੱਢਲੇ ਸਾਹਿਤ ਚਿੰਤਕਾਂ ਵਿਚੋਂ ਸੀ ਜੋ ਪੱਛਮੀ ਸਾਹਿਤ ਸ਼ਾਸਤਰ ਤੋਂ ਭਲੀ-ਭਾਂਤ ਜਾਣੂੰ ਸਨ। ਕਹਾਣੀ, ਨਾਵਲ, ਨਾਟਕ, ਵਾਰਤਕ ਅਤੇ ਆਲੋਚਨਾ ਦੇ ਖੇਤਰ ਵਿਚ ਉਸਦੀ ਦੇਣ ਮੱਹਤਵਪੂਰਣ ਹੈ। ਸੰਤ ਸਿੰਘ ਸੇਖੋਂ ਦਾ ਪਹਿਲਾ ਕਹਾਣੀ-ਸੰਗ੍ਰਹਿ *ਸਮਾਚਾਰ* 1943 ਵਿਚ ਪ੍ਰਕਾਸ਼ਿਤ ਹੋਇਆ, ਪਰ ਉਸਦੀਆਂ ਕਹਾਣੀਆਂ 'ਭੱਤਾ' ਅਤੇ 'ਕੀਟਾਂ ਅੰਦਰ ਕੀਟ' 1936 ਦੇ 'ਪ੍ਰਭਾਤ' ਰਿਸਾਲੇ ਦੇ ਫਰਵਰੀ ਅਤੇ ਮਾਰਚ ਅੰਕਾਂ ਵਿਚ ਪ੍ਰਕਾਸ਼ਿਤ ਹੋਈਆਂ ਤੇ ਪਾਠਕਾਂ ਵੱਲੋਂ ਸਲਾਹੀਆਂ ਗਈਆਂ।[7] ਸੇਖੋਂ ਦੀਆਂ ਮੁੱਢਲੀਆਂ ਕਹਾਣੀਆਂ ਦੇ ਛਪਣ ਕਾਲ ਦੇ ਲਿਹਾਜ਼ ਨਾਲ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਕਹਾਣੀ ਵਿਚ ਸੰਤ ਸਿੰਘ ਸੇਖੋਂ ਦੀ ਆਮਦ ਉਸ ਵੇਲੇ ਹੋਈ ਜਦੋਂ

ਪ੍ਰਗਤੀਵਾਦੀ ਲਹਿਰ ਅੰਤਰ ਰਾਸ਼ਟਰੀ ਪੱਧਰ ਤੋਂ ਲੈ ਕੇ ਸਥਾਨਕ ਪੱਧਰ ਤੱਕ ਆਪਣਾ ਪ੍ਰਭਾਵ ਕਾਇਮ ਕਰ ਰਹੀ ਸੀ।

ਸੰਤ ਸਿੰਘ ਸੇਖੋਂ ਵਰਗੇ ਨਵੇਂ ਲੇਖਕ ਦਾ ਵੀ ਇਸ ਲਹਿਰ ਤੋਂ ਪ੍ਰਭਾਵਿਤ ਹੋਣਾ ਸੁਭਾਵਿਕ ਸੀ ਅਤੇ ਉਹ ਉਨ੍ਹਾਂ ਮੁੱਢਲੇ ਲੇਖਕਾਂ ਵਿਚ ਸ਼ੁਮਾਰ ਹੁੰਦਾ ਹੈ ਜਿਨ੍ਹਾਂ ਨੇ ਇਹ ਪ੍ਰਭਾਵ ਗ੍ਰਹਿਣ ਕਰਨ ਦੇ ਨਾਲ-ਨਾਲ ਇਸ ਵਿਚਾਰਧਾਰਾ ਨੂੰ ਪ੍ਰਚਾਰਣ ਤੇ ਪ੍ਰਸਾਰਣ ਵਿਚ ਵੀ ਮੱਹਤਵਪੂਰਣ ਭੂਮਿਕਾ ਨਿਭਾਈ। ਸੇਖੋਂ ਦਾ ਇਸ ਲਹਿਰ ਪ੍ਰਤਿ ਨਜ਼ਰੀਆ ਨਿਰੋਲ ਆਰਥਕ ਜਾਂ ਰਾਜਨੀਤਿਕ ਮਸਲਿਆਂ ਤੱਕ ਸੀਮਿਤ ਨਹੀਂ ਸੀ ਸਗੋਂ ਸਮਾਜਕ ਪੱਧਰ ’ਤੇ ਲੋਕ-ਮਨਾਂ ਵਿਚ ਬੈਠੀਆਂ ਹੋਈਆਂ ਧਾਰਨਾਵਾਂ ਨੂੰ ਤੋੜਨ ਵਿਚ ਵੀ ਉਸਨੇ ਅਗਾਂਹਵਧੂ ਭੂਮਿਕਾ ਨਿਭਾਈ ਅਤੇ ਆਉਣ ਵਾਲੀਆਂ ਪੀੜ੍ਹੀਆਂ ਦੇ ਨਵੇਂ ਲੇਖਕਾਂ ਲਈ ਵੀ ਇਕ ਰਾਹ-ਦਸੇਰੇ ਦੀ ਭੂਮਿਕਾ ਨਿਭਾਈ। ਇਸ ਕਰਕੇ ਇਸ ਯੁੱਗ ਨੂੰ ‘ਸੇਖੋਂ ਯੁੱਗ’ ਵੀ ਕਿਹਾ ਜਾਂਦਾ ਹੈ ਤੇ ਨਵੇਂ ਸਾਹਿਤਕਾਰਾਂ ਦੀ ਸਰਪ੍ਰਸਤੀ ਤੇ ਪਥ-ਪ੍ਰਦਰਸ਼ਨ ਕਰਕੇ ਉਸਨੂੰ ਪੰਜਾਬੀ ਸਾਹਿਤ ਦਾ ‘ਬਾਬਾ ਬੋਹੜ’ ਕਹਿ ਕੇ ਸਤਿਕਾਰਿਆ ਜਾਂਦਾ ਹੈ।

ਸੰਤ ਸਿੰਘ ਸੇਖੋਂ ਦੇ ਪੰਜਾਬੀ ਵਿਚ ਪੰਜ ਕਹਾਣੀ ਸੰਗ੍ਰਹਿ ਪ੍ਰਕਾਸ਼ਿਤ ਹੋਏ ਹਨ : *ਸਮਾਚਾਰ* (1943), *ਕਾਮ ਤੇ ਯੋਧੇ* (1950), *ਅੱਧੀ ਵਾਟ* (1954), *ਤੀਜਾ ਪਹਿਰ* (1956) ਅਤੇ ਅੰਤਿਮ ਕਹਾਣੀ ਸੰਗ੍ਰਹਿ ਤਕਰੀਬਨ 26 ਸਾਲ ਬਾਅਦ *ਸਿਆਣਪਾਂ* ਦੇ ਨਾਂ ਹੇਠ 1982 ਵਿਚ ਪ੍ਰਕਾਸ਼ਿਤ ਹੋਇਆ। ਇਨ੍ਹਾਂ ਪੰਜ ਕਹਾਣੀ ਸੰਗ੍ਰਹਿਾਂ ਵਿਚ ਸੇਖੋਂ ਦੀਆਂ 66 ਕਹਾਣੀਆਂ ਦਰਜ ਹਨ। ਜਦੋਂ ਅਸੀਂ ਸੰਤ ਸਿੰਘ ਸੇਖੋਂ ਦੀਆਂ ਕਹਾਣੀਆਂ ਦਾ ਅਧਿਐਨ ਕਰਦੇ ਹਾਂ ਤਾਂ ਉਸਦੀਆਂ ਕਹਾਣੀਆਂ ਵਿਚੋਂ ਇਹ ਗੱਲ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਵਧੇਰੇ ਕਹਾਣੀਆਂ ਉਸਦੇ ਨਿਜੀ ਅਨੁਭਵਾਂ ’ਤੇ ਆਧਾਰਿਤ ਹਨ। ਇਸ ਕਰਕੇ ਇਨ੍ਹਾਂ ਵਿਚ ਪੇਸ਼ ਜੀਵਨ ਯਥਾਰਥ ਦੀ ਪ੍ਰਮਾਣਿਕਤਾ ਬਾਰੇ ਕਿਸੇ ਤਰ੍ਹਾਂ ਦੇ ਸੰਦੇਹ ਦੀ ਗੁੰਜਾਇਸ਼ ਨਹੀਂ ਹੋ ਸਕਦੀ। ਦੂਸਰੇ, ਉਸਦੀਆਂ ਵਧੇਰੇ ਕਹਾਣੀਆਂ ਪੰਜਾਬ ਦੀ ਕਿਸਾਨੀ ਦੇ ਵਿਭਿੰਨ ਹਾਲਾਤ ਦੀ ਪੇਸ਼ਕਾਰੀ ਉੱਪਰ ਕੇਂਦ੍ਰਿਤ ਹਨ।

ਇਸ ਤਰ੍ਹਾਂ ਵੀ ਕਿਹਾ ਜਾ ਸਕਦਾ ਹੈ ਕਿ ਸੰਤ ਸਿੰਘ ਸੇਖੋਂ ਪੰਜਾਬ ਦੀ ਛੋਟੀ ਕਿਸਾਨੀ ਦਾ ਪ੍ਰਤਿਨਿੱਧ ਕਹਾਣੀਕਾਰ ਹੈ, ਜਿਸਦੀ ਜ਼ਿੰਦਗ਼ੀ ਸਖ਼ਤ ਮਿਹਨਤ ਮੁਸ਼ੱਕਤ ਦੇ ਬਾਵਜੂਦ ਕਰਜ਼ੇ ਵਿਚ ਜੰਮਣ, ਜ਼ਿੰਦਗ਼ੀ ਗੁਜ਼ਾਰਣ ਤੇ ਕਰਜ਼ੇ ਵਿਚ ਹੀ ਮਰ ਜਾਣ ਦੀ ਦੁੱਖ ਭਰੀ ਦਾਸਤਾਨ ਬਣੀ ਹੋਈ ਹੈ। ਸੰਤ ਸਿੰਘ ਸੇਖੋਂ ਨੇ ਆਪਣੀਆਂ ਕਹਾਣੀਆਂ ਵਿਚ ਉਸ ਦੌਰ ਨੂੰ ਪੇਸ਼ ਕਰਨ ਦਾ ਯਤਨ ਕੀਤਾ ਹੈ ਜਦੋਂ ਪੰਜਾਬ ਦੇ ਸਮਾਜਕ ਜੀਵਨ ਵਿਚ ਬਹੁਤਾ ਗੁਣਾਤਮਕ ਪਰਿਵਰਤਨ ਨਹੀਂ ਸੀ ਵਾਪਰਿਆ ਅਤੇ ਜਾਗੀਰੂ ਰਹਿਣੀ ਬਹਿਣੀ ਅਤੇ ਜੀਵਨ ਮੁੱਲ ਅਜੇ ਵੀ ਅਗਰਭੂਮੀ ਵਿਚ ਸਨ। ਇਹ ਠੀਕ ਹੈ ਕਿ ਅੰਗਰੇਜ਼ਾਂ ਦੀ ਆਮਦ ਨਾਲ ਪੰਜਾਬ ਵਿਚ ਰੇਲਾਂ, ਨਹਿਰਾਂ ਤੇ ਸੜਕਾਂ ਦੀ ਉਸਾਰੀ ਦੇ ਨਾਲ-ਨਾਲ ਨਵਾਂ ਵਿਦਿਅਕ ਪ੍ਰਬੰਧ ਵੀ ਚਾਲੂ ਹੋ ਗਿਆ ਸੀ। ਜੰਗਲਾਂ ਨੂੰ ਪੁੱਟ ਕੇ ਜ਼ਮੀਨਾਂ ਆਬਾਦ ਕੀਤੀਆਂ ਜਾ ਰਹੀਆਂ ਸਨ। ਨਵੀਆਂ ਬਾਰਾਂ ਵੱਸ ਰਹੀਆਂ ਸਨ ਅਤੇ ਕਿਸਾਨਾਂ ਨੂੰ ਇਨ੍ਹਾਂ ਬਾਰਾਂ ਵਿਚ ਵੱਸਣ ਤੇ ਨਵੀਆਂ ਜ਼ਮੀਨਾਂ ਆਬਾਦ ਕਰਨ ਲਈ ਉਤਸ਼ਾਹਿਤ ਕੀਤਾ ਜਾ ਰਿਹਾ ਸੀ। ਇਸ ਪ੍ਰਕਾਰ ਆਰਥਕ ਮੋਰਚੇ ’ਤੇ ਬਹੁਤ ਕੁਝ ਨਵਾਂ ਤੇ ਪਹਿਲੀ ਵਾਰ ਵਾਪਰ ਰਿਹਾ ਸੀ ਤੇ ਇਸਦੇ ਪ੍ਰਭਾਵ ਕਿਸਾਨੀ ਦੇ ਸਮਾਜਕ ਜੀਵਨ ਉੱਪਰ ਵੀ ਪੈ ਰਹੇ ਸਨ। ਇਨ੍ਹਾਂ ਆਰਥਕ-ਸਮਾਜਕ ਪ੍ਰਭਾਵਾਂ ਅਧੀਨ ਸਦੀਆਂ ਤੋਂ ਸਥਿਰ ਅਤੇ ਇਕਹਿਰੀ ਜੀਵਨ-ਜਾਚ ਵਿਚ ਨਵੀਂ ਹਿੱਲ-ਜੁੱਲ ਹੋਣੀ ਸ਼ੁਰੂ ਹੋ ਗਈ ਸੀ ਤੇ ਇਹ ਤਬਦੀਲੀਆਂ ਹੌਲੀ-ਹੌਲੀ ਲੋਕਾਂ ਦੀ ਸੋਚ ’ਤੇ ਵੀ ਅਸਰ-ਅੰਦਾਜ਼ ਹੋ ਰਹੀਆਂ ਸਨ। ਸੇਖੋਂ ਆਪਣੀਆਂ ਕਹਾਣੀਆਂ ਵਿਚ ਇਨ੍ਹਾਂ ਤਬਦੀਲੀਆਂ ਨੂੰ ਪੇਸ਼ ਕਰਨ ਦਾ ਸੁਚੇਤ ਯਤਨ ਕਰਦਾ ਹੈ।

ਅੰਗਰੇਜ਼ਾਂ ਦੇ ਪੰਜਾਬ ਉੱਪਰ ਕਬਜ਼ੇ ਤੋਂ ਪਹਿਲਾਂ ਪੰਜਾਬੀ ਸਮਾਜ ਸਦੀਆਂ ਤੋਂ ਇਕੋ ਹੀ ਲੀਹ ਉੱਪਰ ਤੁਰਿਆ ਆ ਰਿਹਾ ਸੀ। ਲੋਕ ਪੀੜ੍ਹੀ-ਦਰ-ਪੀੜ੍ਹੀ ਪਿਤਾ-ਪੁਰਖੀ ਧੰਦਿਆਂ ਰਾਹੀਂ ਰੋਜ਼ੀ-ਰੋਟੀ ਕਮਾਉਂਦੇ ਆ ਰਹੇ ਸਨ। ਇਹ ਪਿਤਾ-ਪੁਰਖੀ ਧੰਦੇ ਉਨ੍ਹਾਂ ਲਈ ਸਿਰਫ਼ ਰੋਜ਼ੀ-ਰੋਟੀ ਦਾ ਸਾਧਨ ਮਾਤਰ ਨਹੀਂ ਸਨ, ਸਗੋਂ ਉਨ੍ਹਾਂ ਦੀ ਸਮਾਜਕ ਪਛਾਣ ਤੇ ਰੁਤਬੇ ਦੇ ਚਿੰਨ੍ਹ ਅਤੇ ਜੀਵਨ-ਜਾਚ ਦਾ ਧੁਰਾ ਵੀ ਸਨ। ਅੰਗਰੇਜ਼ ਮੂਲ ਰੂਪ ਵਿਚ ਵਪਾਰਕ ਦ੍ਰਿਸ਼ਟੀ ਲੈ ਕੇ ਇੱਥੇ ਆਏ ਸਨ। ਇਸ ਕਰਕੇ ਆਪਣੇ ਆਰਥਕ ਹਿਤਾਂ ਦੀ ਪੂਰਤੀ ਤੇ ਇਸ ਵਿਚ ਨਿਰੰਤਰ ਵਾਧੇ ਲਈ ਇੱਥੋਂ ਦੇ ਆਰਥਕ-

ਸਮਾਜਕ ਢਾਂਚੇ ਨੂੰ ਤਬਦੀਲ ਕਰਨਾ ਤੇ ਆਪਣੇ ਹਿਤਾਂ ਦੀ ਪੂਰਤੀ ਮੁਤਾਬਕ ਇਸ ਨੂੰ ਨਵਾਂ ਰੂਪ ਦੇਣ ਦਾ ਯਤਨ ਕਰਨਾ ਸੁਭਾਵਿਕ ਸੀ। ਆਪਣੇ ਇਸ ਮਕਸਦ ਨੂੰ ਹਾਸਿਲ ਕਰਨ ਲਈ ਉਨ੍ਹਾਂ ਨੇ ਹਰ ਪੱਧਰ ’ਤੇ ਯਤਨ ਆਰੰਭੇ। ਮਿਸ਼ਨਰੀ ਪ੍ਰਚਾਰਕਾਂ ਦੁਆਰਾ ਸਥਾਨਕ ਲੋਕਾਂ ਨੂੰ ਆਪਣੇ ਧਰਮ ਤੇ ਜੀਵਨ-ਜਾਚ ਨਾਲ ਜੋੜਨ ਤੋਂ ਇਲਾਵਾ ਆਰਥਕ ਖੇਤਰ ਵਿਚ ਵੀ ਕਈ ਯਤਨ ਕੀਤੇ ਗਏ। ਸਭ ਤੋਂ ਪਹਿਲਾਂ ਅੰਗਰੇਜ਼ਾਂ ਨੇ ਇੱਥੋਂ ਦੇ ਖੇਤੀ-ਪ੍ਰਬੰਧ ਨੂੰ ਆਪਣੇ ਮੁਤਾਬਕ ਢਾਲਣ ਦਾ ਸੁਚੇਤ ਯਤਨ ਕੀਤਾ ਤਾਂ ਕਿ ਖੇਤੀ ਉਪਜ ਵਿਚ ਵਾਧਾ ਹੋਵੇ। ਆਪਣੇ ਆਰਥਕ ਹਿਤਾਂ ਦੇ ਨਜ਼ਰੀਏ ਤੋਂ ਖੇਤੀ ਤੋਂ ਉਗਰਾਹੇ ਜਾਣ ਵਾਲੇ ਮਾਲੀਏ ਨੂੰ ਜਿਨਸ ਦੀ ਥਾਂ ਨਕਦੀ ਦੇ ਰੂਪ ਵਿਚ ਉਗਰਾਹਣ ਨਾਲ ਪੰਜਾਬ ਦੇ ਪਰੰਪਰਾਗਤ ਪੇਂਡੂ ਜੀਵਨ ਵਿਚ ਪੈਸੇ ਦਾ ਦਖ਼ਲ ਹੋਣਾ ਸ਼ੁਰੂ ਹੋਇਆ। ਇਹ ਉਹ ਪਹਿਲੀ ਤੇ ਬੁਨਿਆਦੀ ਤਬਦੀਲੀ ਸੀ ਜਿਸਨੇ ਹੋਰ ਤਬਦੀਲੀਆਂ ਲਈ ਰਾਹ ਪੱਧਰਾ ਕੀਤਾ। ਕਿਸਾਨੀ ਲਈ ਨਕਦੀ ਦੇ ਰੂਪ ਵਿਚ ਮਾਲੀਏ ਦੀ ਅਦਾਇਗੀ ਲਈ ਫ਼ਸਲ ਮੰਡੀ ਵਿਚ ਵੇਚਣੀ ਲਾਜ਼ਮੀ ਹੋ ਗਈ। ਇਸ ਲਈ ਮੰਡੀ ਦਾ ਵਿਸਥਾਰ ਹੋਣਾ ਸ਼ੁਰੂ ਹੋਇਆ ਤੇ ਇਕ ਨਵੀਂ ਵਪਾਰੀ ਜਮਾਤ ਸਾਹਮਣੇ ਆਈ ਜਿਸਨੇ ਇਸ ਖ਼ਰੀਦ-ਵੇਚ ਨੂੰ ਇਕ ਧੰਦੇ ਦੇ ਰੂਪ ਵਿਚ ਅਪਣਾਇਆ। ਇਸ ਨਵੀਂ ਜਮਾਤ ਨੂੰ ਆਪਣੇ ਹਿਤਾਂ ਮੁਤਾਬਿਕ ਸਿੱਖਿਅਤ ਕਰਨ ਲਈ ਅੰਗਰੇਜ਼ਾਂ ਨੇ ਨਵਾਂ ਵਿਦਿਅਕ ਪ੍ਰਬੰਧ ਸ਼ੁਰੂ ਕੀਤਾ ਜੋ ਗੁਰਦਵਾਰਿਆਂ, ਮੰਦਰਾਂ, ਮਸੀਤਾਂ ਵਿਚ ਦਿੱਤੀ ਜਾਣ ਵਾਲੀ ਵਿਦਿਆ ਨਾਲੋਂ ਮੂਲੋਂ ਹੀ ਵੱਖਰਾ ਸੀ। ਇਨ੍ਹਾਂ ਤਬਦੀਲੀਆਂ ਨਾਲ ਵਿਅਕਤੀਗਤ ਤਰੱਕੀ ਦੇ ਨਵੇਂ ਮੌਕੇ ਤੇ ਰੁਝਾਨ ਪੈਦਾ ਹੋਏ। ਲੋਕ ਪਿਤਾ-ਪੁਰਖੀ ਧੰਦਿਆਂ ਤੋਂ ਬਾਹਰ ਜਾ ਕੇ ਰੁਜ਼ਗਾਰ ਹਾਸਲ ਕਰਨ ਲੱਗੇ। ਇਨ੍ਹਾਂ ਤਬਦੀਲੀਆਂ ਤੇ ਵਿਸ਼ੇਸ਼ ਕਰਕੇ ਨਵੇਂ ਵਿਦਿਅਕ ਪ੍ਰਬੰਧ ਨੇ ਕਿਸਾਨੀ ਵਿਚ ਵੀ ਉਮੀਦ ਦੀ ਨਵੀਂ ਕਿਰਨ ਪੈਦਾ ਕੀਤੀ, ਭਾਵੇਂ ਕਿ ਰੋਜ਼ੀ-ਰੋਟੀ ਦੀ ਜੰਗ ਲੜਨ ਵਿਚ ਰੁੱਝੀ ਹੋਈ ਤੇ ਪੀੜ੍ਹੀ-ਦਰ-ਪੀੜ੍ਹੀ ਕਰਜ਼ੇ ਵਿਚ ਫਸੀ ਹੋਈ ਕਿਸਾਨੀ ਲਈ ਵਿਦਿਆ ਪ੍ਰਾਪਤੀ ਲਈ ਆਰਥਕ ਵਸੀਲੇ ਹਾਸਿਲ ਕਰਨੇ ਸੌਖਾ ਮਸਲਾ ਨਹੀਂ ਸੀ ਪਰ ਕਿਸਾਨੀ ਨੇ ਵਿਦਿਆ ਪ੍ਰਾਪਤੀ ਨੂੰ ਜ਼ਿੰਦਗੀ ਮੌਤ ਦੀ ਲੜਾਈ ਦਾ ਮਸਲਾ ਸਮਝ ਕੇ ਲੜਿਆ ਤੇ ਇਸ ਵਿਚ ਕੁਝ ਹੱਦ ਤੱਕ ਸਫ਼ਲਤਾ ਵੀ ਹਾਸਿਲ ਕੀਤੀ ਤਾਂ ਕਿ ਆਉਣ ਵਾਲੀਆਂ

ਪੀੜ੍ਹੀਆਂ ਸ਼ਾਹੂਕਾਰਾਂ ਦੇ ਕਰਜ਼ੇ ਤੋਂ ਬਚੀਆਂ ਰਹਿ ਸਕਣ।

ਸੰਤ ਸਿੰਘ ਸੇਖੋਂ ਖ਼ੁਦ ਵੀ ਕਿਸਾਨੀ ਦੇ ਇਸੇ ਵਰਗ ਨਾਲ ਸੰਬੰਧਿਤ ਸੀ ਅਤੇ ਇਨ੍ਹਾਂ ਨਵੇਂ ਮੌਕਿਆਂ ਦਾ ਫ਼ਾਇਦਾ ਉਠਾਉਣ ਵਾਲਿਆਂ ਵਿਚ ਸ਼ਾਮਲ ਸੀ। ਸੇਖੋਂ ਦੀਆਂ ਬਹੁਤ ਸਾਰੀਆਂ ਕਹਾਣੀਆਂ ਇਸੇ ਹੀ ਵਿਸ਼ੇ ਦੁਆਲੇ ਉਸਰੀਆਂ ਹੋਈਆਂ ਹਨ ਤੇ ਇਸ ਸਮੁੱਚੇ ਪਿਛੋਕੜ ਨੂੰ ਧਿਆਨ ਵਿਚ ਰੱਖ ਕੇ ਉਸਦੀਆਂ ਕਹਾਣੀਆਂ ਚੰਗੀ ਤਰ੍ਹਾਂ ਸਮਝੀਆਂ ਜਾ ਸਕਦੀਆਂ ਹਨ। ਸੰਤ ਸਿੰਘ ਸੇਖੋਂ ਆਪਣੀਆਂ ਕਹਾਣੀਆਂ ਵਿਚ ਇਨ੍ਹਾਂ ਨਵੇਂ ਵਰਤਾਰਿਆਂ ਨੂੰ ਸਿਰਫ਼ ਚਿਤਰਦਾ ਹੀ ਨਹੀਂ, ਸਗੋਂ ਇਕ ਨਵੇਂ ਦ੍ਰਿਸ਼ਟੀਕੋਣ ਤੋਂ ਪੇਸ਼ ਕਰਦਾ ਹੋਣ ਕਰਕੇ ਨਵੇਂ ਅਰਥ ਵੀ ਦੇਂਦਾ ਹੈ। ਸੇਖੋਂ ਦੀ ਦ੍ਰਿਸ਼ਟੀ ਵਿਚ ਕਿਸਾਨੀ ਦੇ ਵਿਦਿਆ ਪ੍ਰਾਪਤੀ ਤੇ ਪਰਿਵਾਰ ਦੀ ਕਰਜ਼ਾ-ਮੁਕਤੀ ਦੇ ਇਹ ਯਤਨ ਉਨ੍ਹਾਂ ਲੋਕਾਂ ਦੇ ਯਤਨਾਂ ਤੋਂ ਕਿਸੇ ਤਰ੍ਹਾਂ ਵੀ ਘੱਟ ਨਹੀਂ, ਜੋ ਨਿੱਜੀ ਹਿਤਾਂ ਤੋਂ ਉੱਪਰ ਉੱਠ ਕੇ ਦੇਸ਼ ਜਾਂ ਕੌਮ ਦਾ ਭਵਿੱਖ ਸੰਵਾਰਨ ਲਈ ਕੁਰਬਾਨੀਆਂ ਕਰਦੇ ਹਨ। ਕਿਸਾਨੀ ਦੇ ਇਨ੍ਹਾਂ ਯਤਨਾਂ ਦੇ ਪ੍ਰਸੰਗ ਵਿਚ ਸੇਖੋਂ ਯੋਧੇ ਦਾ ਇਕ ਨਵਾਂ ਸੰਕਲਪ ਸਾਹਮਣੇ ਲਿਆਉਂਦਾ ਹੈ। 'ਇਕ ਯੋਧੇ ਦਾ ਚਲਾਣਾ' ਦਾ ਕੇਂਦਰੀ ਪਾਤਰ ਬਿਜੈ ਸਿੰਘ ਇਹ ਗੱਲ ਭਲੀਭਾਂਤ ਜਾਣਦਾ ਹੈ ਕਿ ਉਹ ਨਿਰੋਲ ਖੇਤੀ ਦੇ ਸਿਰ 'ਤੇ ਆਪਣੇ ਪਰਿਵਾਰ ਦੀ ਹੋਣੀ ਨੂੰ ਕਿਸੇ ਵੀ ਤਰ੍ਹਾਂ ਬਦਲ ਨਹੀਂ ਸਕਦਾ। ਇਸ ਹੋਣੀ ਦੇ ਬਦਲਣ ਦਾ ਇਕੋ-ਇਕ ਰਾਹ ਉਸਨੂੰ ਸਾਮਰਾਜ ਦੁਆਰਾ ਸ਼ੁਰੂ ਕੀਤੇ ਵਿਦਿਅਕ ਪ੍ਰਬੰਧ ਰਾਹੀਂ ਪੈਦਾ ਹੋਏ ਰੁਜ਼ਗਾਰ ਦੇ ਨਵੇਂ ਮੌਕਿਆਂ ਨਾਲ ਜੁੜਨ ਵਿਚ ਹੀ ਨਜ਼ਰ ਆਉਂਦਾ ਹੈ। ਇਸ ਕਰਕੇ ਉਹ ਜੂਏ ਦਾ ਦਾਅ ਖੇਡਣ ਵਾਂਗ ਆਪਣੀ ਵਿਤ ਤੋਂ ਕਿਤੇ ਵੱਧ ਕਰਜ਼ਾ ਚੁੱਕ ਕੇ ਆਪਣੇ ਪੁੱਤਰ ਮਦਨ ਨੂੰ ਪੜ੍ਹਾਉਂਦਾ ਹੈ ਤੇ ਖ਼ੁਸ਼ਕਿਸਮਤੀ ਨਾਲ ਉਹ ਇਸ ਵਿਚ ਸਫ਼ਲ ਵੀ ਹੋ ਜਾਂਦਾ ਹੈ। ਬਿਜੈ ਸਿੰਘ ਜਾਂ ਮਦਨ ਦੀ ਇਹ ਸਫ਼ਲਤਾ ਪਰਿਵਾਰ ਲਈ ਕਰਜ਼ੇ ਤੋਂ ਸੁਰਖ਼ਰੂ ਹੋਣ ਦਾ ਮੌਕਾ ਹੀ ਪੈਦਾ ਨਹੀਂ ਕਰਦੀ, ਸਗੋਂ ਇਹ ਵਰਤਾਰਾ ਕਿਸਾਨੀ ਮਾਨਸਿਕਤਾ ਵਿਚ ਸਦੀਆਂ ਤੋਂ ਬੈਠੇ ਹੋਏ 'ਉੱਤਮ ਖੇਤੀ, ਮੱਧਮ ਵਪਾਰ ਤੇ ਨਖਿੱਧ ਚਾਕਰੀ' ਦੇ ਸਥਾਪਿਤ ਵਰਤਾਰਿਆਂ ਨੂੰ ਵੀ ਪੂਰੀ ਤਰ੍ਹਾਂ ਉਲਟਾ ਕੇ ਰੱਖ ਦੇਣ ਵਾਲਾ ਹੈ। 'ਚਾਕਰੀ ਤੇ ਵਪਾਰ' ਖ਼ੁਸ਼ਹਾਲੀ ਦਾ ਰਾਹ ਖੋਲ੍ਹਦੇ ਹਨ ਜਦਕਿ ਖੇਤੀ ਨਖਿੱਧ ਧੰਦਿਆਂ ਦੀ ਕਤਾਰ

ਵਿਚ ਸ਼ਾਮਲ ਹੋਈ ਨਜ਼ਰ ਆਉਂਦੀ ਹੈ ਤੇ ਕਿਸਾਨੀ ਖ਼ੁਦ ਵੀ ਇਸ ਤੋਂ ਪੂਰੀ ਤਰ੍ਹਾਂ ਅਵਾਜ਼ਾਰ ਹੋਈ ਨਜ਼ਰ ਆਉਂਦੀ ਹੈ। ਕਿਸਾਨੀ ਦੀ ਇਸ ਮਾਨਸਿਕਤਾ ਦੇ ਪ੍ਰਤੱਖ ਵੇਰਵੇ ਸੇਖੋਂ ਦੀ ਇਕ ਹੋਰ ਕਹਾਣੀ 'ਕਿਰਸਾਣ ਤੇ ਕਾਮਾ' ਵਿਚੋਂ ਵੀ ਮਿਲ ਜਾਂਦੇ ਹਨ। ਰਾਮ ਸਿੰਘ ਛੋਟਾ ਕਿਸਾਨ ਹੋਣ ਕਰਕੇ ਕੋਈ ਵੀ ਚੰਗਾ ਸੀਰੀ ਜਾਂ ਕਾਮਾ ਉਸ ਨਾਲ ਰਲ ਕੇ ਕੰਮ ਕਰਨ ਨੂੰ ਤਿਆਰ ਨਹੀਂ ਇਸ ਕਰਕੇ ਜਦ ਰਾਮ ਸਿੰਘ ਦਾ ਪੁੱਤਰ ਪੜ੍ਹਾਈ ਛੱਡ ਕੇ ਪਿਤਾ ਨਾਲ ਰਲ ਕੇ ਖੇਤੀ ਕਰਨ ਦਾ ਸੁਝਾਅ ਆਪਣੇ ਪਿਤਾ ਨੂੰ ਦੇਂਦਾ ਹੈ ਤਾਂ ਰਾਮ ਸਿੰਘ ਸਖਤੀ ਨਾਲ ਸਿਰਫ਼ ਇਸ ਨੂੰ ਰੱਦ ਹੀ ਨਹੀਂ ਕਰਦਾ ਸਗੋਂ ਉਸਦੀ ਸੋਚ ਵਿਚੋਂ ਕਿਸਾਨੀ ਦਾ ਦਰਦ ਵੀ ਪੂਰੀ ਤਰ੍ਹਾਂ ਉਜਾਗਰ ਹੋ ਜਾਂਦਾ ਹੈ, ''ਖੇਤੀ ਕਰਕੇ ਕਿਹੜੇ ਤੂੰ ਖਜ਼ਾਨੇ ਭਰ ਲਏਂਗਾ? ਐਵੇਂ ਖੇਤੀ ਖੇਤੀ ਨਾ ਕਰੀ ਜਾਇਆ ਕਰ। ਖੇਤੀ ਨਾਲ ਵੀ ਕਦੇ ਕੋਈ ਅਮੀਰ ਹੋਇਆ ਇ, ਪੁੱਤ? ਆਪਣੇ ਪਿੰਡ 'ਚ ਈ ਦੇਖ ਲੈ, ਖੇਤੀ ਕਰਨ ਵਾਲਿਆਂ ਦੇ ਸਭ ਦੇ ਭੰਗ ਭੁਜਦੀ ਐ। ਨੌਕਰੀ ਵਾਲੇ ਕਰਦੇ ਨੇ ਐਸ਼ਾਂ, ਪੜ੍ਹ ਲੈ ਜੇ ਹੈ ਕਿਸਮਤ 'ਚ। ਪਿੱਛੇ ਨੀਤ ਨਾ ਰੱਖ। ਫੇਰ ਮੇਰਾ ਹੌਸਲਾ ਦੇਖ, ਮੈਂ ਹਲ ਦੀ ਹੱਥੀ ਨੂੰ ਬੀ ਤੇਰਾ ਹੱਥ ਲਵਾ ਕੇ ਰਾਜ਼ੀ ਨਹੀਂ।''[8] ਸੁਖੀ ਜੀਵਨ ਜਿਊਣ ਦਾ ਇਹ ਸੁਪਨਾ ਸਿਰਫ਼ ਵਿਅਕਤੀਗਤ ਲਾਲਸਾ ਨਹੀਂ, ਸਗੋਂ ਕਿਸਾਨੀ ਦੀ ਤਬਦੀਲ ਹੋ ਰਹੀ ਮਾਨਸਿਕਤਾ ਦਾ ਪੈਮਾਨਾ ਵੀ ਹੈ, ਜੋ ਅਮੀਰੀ ਜਾਂ ਗ਼ਰੀਬੀ ਨੂੰ ਨਿਰੋਲ ਪਿਛਲੇ ਜਨਮ ਦੇ ਕਰਮਾਂ ਦਾ ਫਲ ਸਮਝ ਕੇ ਸਬਰ-ਸ਼ੁਕਰ ਕਰਨ ਦੀ ਥਾਂ ਜ਼ਿੰਦਗ਼ੀ ਨੂੰ ਬਦਲਣ ਲਈ ਯਤਨਸ਼ੀਲ ਹੁੰਦੀ ਹੈ ਤੇ ਇਸ ਨਾਸ਼ਵਾਨ ਦੁਨੀਆਂ ਵਿਚ ਸੁਖੀ ਜੀਵਨ ਜਿਊਣ ਦੀ ਕਾਮਨਾ ਉਸਦੇ ਮੱਧਕਾਲੀ ਅਧਿਆਤਮਕ ਪਰੰਪਰਾ ਤੋਂ ਮੂੰਹ ਮੋੜ ਕੇ ਜਾਂ ਅਗਲੇ ਜਨਮ ਦੀ ਚਿੰਤਾ ਛੱਡ ਕੇ ਸਿਰਫ਼ ਇਸੇ ਜੀਵਨ ਪ੍ਰਤਿ ਫ਼ਿਕਰਮੰਦ ਹੋਣਾ ਉਸ ਵਿਚ ਆ ਰਹੀ ਵੱਡੀ ਤਬਦੀਲੀ ਦੀ ਰਮਜ਼ ਵੀ ਹੈ। ਸੇਖੋਂ ਦੀ ਵਿਸ਼ੇਸ਼ਤਾ ਇਨ੍ਹਾਂ ਸੂਖਮ ਤਬਦੀਲੀਆਂ ਤੇ ਰਮਜ਼ਾਂ ਦੀ ਪਛਾਣ ਤੇ ਪੇਸ਼ਕਾਰੀ ਵਿਚ ਹੈ।

ਸਾਮਰਾਜ ਦੁਆਰਾ ਸ਼ੁਰੂ ਕੀਤੇ ਵਿਦਿਅਕ ਪ੍ਰਬੰਧ ਨਾਲ ਪੈਦਾ ਹੋਏ ਮੌਕਿਆਂ ਦਾ ਫ਼ਾਇਦਾ ਉਠਾਉਣ ਲਈ ਕਿਸਾਨੀ ਹਰ ਹੀਲਾ ਵਰਤਦੀ ਹੈ। ਬਿਜੈ ਸਿੰਘ ਆਪਣੇ ਪੁੱਤਰ ਮਦਨ ਦੀ ਪੜ੍ਹਾਈ ਲਈ ਸ਼ਾਹੂਕਾਰ ਤੋਂ ਇਤਨਾ ਕਰਜ਼ਾ ਲੈਂਦਾ ਹੈ ਕਿ ਜਿਤਨਾ ਹੋਰ ਕੋਈ ਕਿਸਾਨ ਲੈਣ ਦਾ ਹੌਸਲਾ ਵੀ

ਨਹੀਂ ਕਰ ਸਕਦਾ।[9] ਹਾਲਾਂਕਿ ਮਦਨ ਨੂੰ ਸਫ਼ਲ ਹੁੰਦੇ ਵੇਖਣ ਤੋਂ ਪਹਿਲਾਂ ਹੀ ਉਹ ਪੰਜਾਹ-ਪਚਵੰਜਾ ਸਾਲ ਦੀ ਉਮਰ ਵਿਚ ਬੀਮਾਰ ਹੋ ਕੇ ਮਰ ਜਾਂਦਾ ਹੈ। ਇਹ ਕਹਾਣੀ ਵੀਹਵੀਂ ਸਦੀ ਦੇ ਮੁੱਢਲੇ ਦਹਾਕਿਆਂ ਦੇ ਕਿਸਾਨੀ ਜੀਵਨ ਨੂੰ ਪੇਸ਼ ਕਰਦੀ ਹੈ। ਕਿਸਾਨ ਵੱਧ ਮਿਹਨਤ, ਘੱਟ ਪ੍ਰਾਪਤੀਆਂ ਤੇ ਕਰਜ਼ੇ ਦੇ ਬੋਝ, ਫ਼ਿਕਰ ਅਤੇ ਬੀਮਾਰੀਆਂ ਦਾ ਇਲਾਜ ਨਾ ਕਰਵਾ ਸਕਣ ਕਰਕੇ ਵਕਤ ਤੋਂ ਪਹਿਲਾਂ ਇਸ ਸੰਸਾਰ ਤੋਂ ਵਿਦਾ ਹੁੰਦੇ ਨਜ਼ਰ ਆਉਂਦੇ ਹਨ। ਗ਼ੈਰ-ਕੁਦਰਤੀ ਮੌਤਾਂ ਦਾ ਇਹ ਵਰਤਾਰਾ ਸੇਖੋਂ ਦੀਆਂ ਬਹੁਤ ਸਾਰੀਆਂ ਕਹਾਣੀਆਂ ਵਿਚ ਪੇਸ਼ ਹੋਇਆ ਹੈ। 'ਇਕ ਯੋਧੇ ਦਾ ਚਲਾਣਾ' ਵਿਚ ਕੇਂਦਰੀ ਪਾਤਰ ਬਿਜੈ ਸਿੰਘ ਦੇ ਪਿਤਾ ਤੇ ਚਾਚੇ ਦੀਆਂ ਦੋ ਲੜਕੀਆਂ ਦੀ ਮੌਤ ਹੋ ਜਾਂਦੀ ਹੈ, 'ਅਣੋਖ ਸਿੰਘ ਦੀ ਵਹੁਟੀ' ਵਿਚ ਅਣੋਖ ਸਿੰਘ ਦੇ ਲੜਕੇ ਦੀ ਮੌਤ, 'ਅੰਤਿਮ ਵਿਦਾਇਗੀ' ਵਿਚ ਦਇਆ ਕੌਰ ਦੀ ਮੌਤ ਪੰਜਾਹ ਸਾਲ ਦੀ ਉਮਰ ਵਿਚ ਹੋ ਜਾਂਦੀ ਹੈ। 'ਬਾਬਾ ਜੈਮਲ' ਵਿਚ ਬਾਬੇ ਦੀ ਪਤਨੀ ਦੀ ਮੌਤ ਦਾ ਹਵਾਲਾ ਮਿਲਦਾ ਹੈ। 'ਈਸ਼ਰੀ ਦੇ ਕਾਹਨ' ਵਿਚ ਕਿਸ਼ਨੇ ਬਾਜ਼ੀਗਰ ਦੀ ਮੌਤ, 'ਕੇਸੂ ਦੇ ਫੁੱਲ' ਵਿਚ ਕੇਂਦਰੀ ਪਾਤਰ ਦੇ ਮਾਮੇ ਦੀ ਪਹਿਲੀ ਤੇ ਦੂਸਰੀ ਪਤਨੀ ਤੇ ਬੱਚੇ ਦੀ ਮੌਤ, 'ਕੀਟਾਂ ਅੰਦਰ ਕੀਟ' ਵਿਚ ਜੀਉਣੇ ਦੇ ਲੜਕੇ ਦੀ ਮੌਤ, 'ਮੁੜ ਵਿਧਵਾ' ਕਹਾਣੀ ਦੀ ਕੇਂਦਰੀ ਪਾਤਰ ਤੇ ਉਸਦੀ ਮਾਂ ਦੋਵੇਂ ਹੀ ਵਿਧਵਾ ਹਨ। ਉਪਰੋਕਤ ਸਾਰੀਆਂ ਮੌਤਾਂ ਕੁਦਰਤੀ ਨਹੀਂ ਹਨ ਅਤੇ ਇਹ ਮੌਤਾਂ ਕਿਸਾਨੀ ਅਤੇ ਪੇਂਡੂ ਸਮਾਜ ਦੇ ਯਥਾਰਥ ਤੇ ਜੀਵਨ-ਜਾਚ ਵੱਲ ਇਸ਼ਾਰਾ ਕਰਦੀਆਂ ਹਨ। ਵੱਧ ਮਿਹਨਤ, ਕਰਜ਼ੇ ਦਾ ਦਬਾਅ ਤੇ ਮਾੜੀਆਂ ਸਿਹਤ ਸਹੂਲਤਾਂ ਨੇ ਕਿਸਾਨੀ ਦੀ ਜ਼ਿੰਦਗੀ ਦੁਸ਼ਵਾਰ ਹੀ ਨਹੀਂ, ਛੋਟੀ ਵੀ ਕੀਤੀ ਹੋਈ ਸੀ।

ਪਰੰਤੂ, ਇਨ੍ਹਾਂ ਤਾਮਾਮ ਮੁਸ਼ਕਲ ਹਾਲਾਤ ਦੇ ਬਾਵਜੂਦ ਕਿਸਾਨੀ ਨਾਲ ਜੁੜੇ ਪਾਤਰ ਆਪਣੀ ਹੋਣੀ ਨੂੰ ਬਦਲਣ ਦਾ ਇਰਾਦਾ ਤਿਆਗਦੇ ਨਹੀਂ ਤੇ ਆਪਣੀ ਗ਼ਰੀਬੀ ਦੇ ਖ਼ਿਲਾਫ਼ ਜੀ-ਜਾਨ ਨਾਲ ਸੰਘਰਸ਼ ਕਰਦੇ ਹਨ। ਬਿਜੈ ਸਿੰਘ ਵੀ ਵਿਤੋਂ ਵਧ ਕਰਜ਼ਾ ਚੁੱਕ ਕੇ ਅਜਿਹੀ ਹੀ ਹਿੰਮਤ ਦਾ ਸਬੂਤ ਦੇਂਦਾ ਹੈ।[10] ਉਸਦੀ ਕਰਜ਼ਾ ਚੁੱਕ ਸਕਣ ਦੀ ਹਿੰਮਤ ਕਰਕੇ ਹੀ ਪਰਿਵਾਰ ਵਿਚ ਸੁਖਾਵੀਂ ਆਰਥਕ ਤਬਦੀਲੀ ਵਾਪਰਦੀ ਹੈ। ਬਿਜੈ ਸਿੰਘ ਉਸ ਕਿਸਾਨੀ ਦਾ ਪ੍ਰਤਿਨਿੱਧ ਹੈ ਜੋ ਆਪ ਹਰ

ਪ੍ਰਕਾਰ ਦੀਆਂ ਮੁਸ਼ਕਲਾਂ ਤੇ ਥੁੜ੍ਹਾਂ ਸਹਾਰ ਕੇ ਆਪਣੀ ਆਉਣ ਵਾਲੀ ਪੀੜ੍ਹੀ ਲਈ ਰਾਹ ਪੱਧਰੇ ਤੇ ਸੁਖਾਵੇਂ ਕਰਨ ਦਾ ਯਤਨ ਕਰਦੀ ਹੈ। ਪਰਿਵਾਰਕ ਸੰਬੰਧਾਂ ਤੇ ਰਿਸ਼ਤਿਆਂ ਦੀਆਂ ਤੰਦਾਂ ਵਿਚ ਬੱਝੇ ਹੋਏ ਹੋਣ ਕਰਕੇ ਹੀ ਕਿਸਾਨੀ ਅਜਿਹੀ ਮਾਨਸਿਕਤਾ ਦੀ ਧਾਰਨੀ ਬਣਦੀ ਹੈ। ਇਹ ਕਿਸਾਨੀ ਜੀਵਨ ਦਾ ਜਾਣਿਆ-ਪਛਾਣਿਆ ਸੱਚ ਹੈ। ਪੇਂਡੂ ਜੀਵਨ ਨੂੰ ਜਿਸ ਸਫ਼ਲਤਾ ਤੇ ਸੁਹਿਰਦਤਾ ਨਾਲ ਸੇਖੋਂ ਨੇ ਚਿਤਰਿਆ ਹੈ, ਉਸਤੋਂ ਪਹਿਲਾਂ ਪੰਜਾਬੀ ਦੇ ਕਿਸੇ ਹੋਰ ਲੇਖਕ ਨੇ ਨਹੀਂ ਚਿਤਰਿਆ।[11] ਸੇਖੋਂ ਦੀਆਂ ਇਕ ਤੋਂ ਵਧੇਰੇ ਕਹਾਣੀਆਂ ਵਿਚ ਕਿਸਾਨੀ ਜੀਵਨ ਦੀ ਅਜਿਹੀ ਤਸਵੀਰ ਪੇਸ਼ ਕੀਤੀ ਗਈ ਮਿਲਦੀ ਹੈ, ਜਿਨ੍ਹਾਂ ਵਿਚ ਹਰ ਕਿਸਾਨ ਆਪਣੀ ਔਲਾਦ ਉੱਤੇ ਜੂਏ ਦੇ ਦਾਅ ਵਾਂਗ ਸਭ ਕੁਝ ਲਾ ਦੇਂਦਾ ਹੈ। 'ਕਿਰਸਾਣ ਤੇ ਕਾਮਾ' ਵਿਚ ਰਾਮ ਸਿੰਘ ਗ਼ਰੀਬੀ ਦੇ ਬਾਵਜੂਦ ਆਪਣੇ ਪੁੱਤਰ ਦੇ ਹੱਥ ਹਲ ਨੂੰ ਲਵਾਉਣ ਲਈ ਤਿਆਰ ਨਹੀਂ।[12] 'ਬਾਬਾ ਜੈਮਲ' ਵਿਚ ਪੂਰਾ ਖਾਨਦਾਨ ਪੋਤੇ ਨੂੰ ਪੜ੍ਹਾਉਣ-ਲਿਖਾਉਣ ਦੀ ਮੁਹਿੰਮ ਸਰ ਕਰਨ ਵਿਚ ਰੁੱਝਿਆ ਹੋਇਆ ਹੈ।

ਅਸਲ ਵਿਚ ਇਨ੍ਹਾਂ ਕਹਾਣੀਆਂ ਵਿਚਲੇ ਵਧੇਰੇ ਵੇਰਵੇ ਸੰਤ ਸਿੰਘ ਸੇਖੋਂ ਨੇ ਆਪਣੇ ਹੀ ਜੀਵਨ ਅਨੁਭਵ ਵਿਚੋਂ ਲਏ ਹਨ, ਇਸੇ ਕਰਕੇ ਬਹੁਤ ਸਾਰੀਆਂ ਕਹਾਣੀਆਂ ਵਿਚ ਇਨ੍ਹਾਂ ਗਾਲਪਨਿਕ ਵੇਰਵਿਆਂ ਦਾ ਦੁਹਰਾਅ ਵੇਖਿਆ ਜਾ ਸਕਦਾ ਹੈ। 'ਇਕ ਯੋਧੇ ਦਾ ਚਲਾਣਾ', 'ਅੰਤਿਮ ਵਿਦਾਇਗੀ' ਤੇ 'ਮਾੜੇ ਦਾ ਜਬਰ' ਕਹਾਣੀਆਂ ਤੇ ਸੇਖੋਂ ਦੇ ਨਾਵਲ *ਲਹੂ ਮਿੱਟੀ* (1949) ਵਿਚ ਅਜਿਹਾ ਚਿਤਰਣ ਹੈ। ਕਈ ਵਾਰ ਆਪਣੀ ਕਠੋਰ ਸਥਿਤੀ ਜਾਂ ਪਰਿਵਾਰਕ ਪਿਛੋਕੜ ਦਾ ਪਰਛਾਵਾਂ ਲੇਖਕ ਦੀ ਆਪਣੀ ਮਨੋਸਥਿਤੀ 'ਤੇ ਬਹੁਤ ਡੂੰਘਾ ਉਕਰਿਆ ਹੋਇਆ ਹੁੰਦਾ ਹੈ। ਅਜਿਹਾ ਸੱਚ ਵਾਰ-ਵਾਰ ਸੇਖੋਂ ਦੀਆਂ ਰਚਨਾਵਾਂ ਵਿਚ ਵੱਖਰੇ-ਵੱਖਰੇ ਪ੍ਰਸੰਗਾਂ ਵਿਚ ਪੇਸ਼ ਹੋਇਆ ਹੈ। ਕਿਸੇ ਵੀ ਲੇਖਕ ਦੀਆਂ ਰਚਨਾਵਾਂ ਵਿਚ ਉਸਦੇ ਨਿਜੀ-ਜੀਵਨ ਦੇ ਸੱਚ ਦੀ ਅਭਿਵਿਅਕਤੀ ਹੋਣਾ ਸੁਭਾਵਿਕ ਹੈ। 'ਮਦਨ ਵੱਡਾ ਲਿਖਾਰੀ, ਰਾਜਸੀ ਆਗੂ ਜਾਂ ਨੇਤਾ ਬਣਨਾ ਚਾਹੁੰਦਾ ਸੀ।'[13] ਸੇਖੋਂ ਦੀ ਸ੍ਵੈ-ਜੀਵਨੀ 'ਉਮਰਾਂ ਦੇ ਪੰਧ' ਵਿਚੋਂ ਰਚਨਾਕਾਰ ਦੇ ਆਪਣੇ ਜੀਵਨ ਦੀ ਅਜਿਹੀ ਚਾਹਤ ਵੀ ਭਲੀਭਾਂਤ ਪਛਾਣੀ ਜਾ ਸਕਦੀ ਹੈ। 'ਇਕ ਯੋਧੇ ਦਾ ਚਲਾਣਾ' ਦਾ ਕੇਂਦਰੀ ਪਾਤਰ ਆਪਣੀ ਤੀਖਣ ਬੁੱਧੀ

ਸਦਕਾ ਸਫ਼ਲ ਹੋ ਜਾਂਦਾ ਹੈ। ਅਜਿਹਾ ਹੀ ਸੇਖੋਂ ਦੀ ਆਪਣੀ ਜ਼ਿੰਦਗੀ ਵਿਚ ਵਾਪਰਦਾ ਹੈ।

ਇਸੇ ਹੀ ਤਰ੍ਹਾਂ ਦੇ ਕਿਸਾਨੀ ਜੀਵਨ ਦੇ ਵੇਰਵਿਆਂ ਨੂੰ ਕੁਲਵੰਤ ਸਿੰਘ ਵਿਰਕ ਨੇ ਆਪਣੀਆਂ ਕਹਾਣੀਆਂ 'ਤੂੜੀ ਦੀ ਪੰਡ' ਅਤੇ 'ਉਜਾੜ' ਵਿਚ ਵੱਖਰੀ ਜੁਗਤ ਨਾਲ ਚਿਤਰਿਆ ਹੈ। ਇਨ੍ਹਾਂ ਕਹਾਣੀਆਂ ਦੇ ਕੇਂਦਰੀ ਪਾਤਰਾਂ ਦੀ ਆਪਣੇ ਭਾਈਚਾਰੇ ਪ੍ਰਤਿ ਸੁਹਿਰਦਤਾ ਨੂੰ ਵੇਲਾ-ਵਿਹਾ ਚੁੱਕੀ ਸੁਹਿਰਦਤਾ ਵਜੋਂ ਚਿਤਰ ਕੇ ਵਿਰਕ ਆਪਣੇ ਵਿਲੱਖਣ ਅੰਦਾਜ਼ ਵਿਚ ਕਿਸਾਨੀ ਜੀਵਨ ਦਾ ਬਦਲ ਰਿਹਾ ਯਥਾਰਥ ਆਪਣੀਆਂ ਕਹਾਣੀਆਂ ਵਿਚ ਪੇਸ਼ ਕਰਦਾ ਹੈ, ਜਦਕਿ ਸੇਖੋਂ ਦੀਆਂ ਕਹਾਣੀਆਂ ਵਿਚ ਭਾਈਚਾਰੇ ਦੀ ਥਾਂ ਪਰਿਵਾਰ ਦੀ ਚਿੰਤਾ ਕੇਂਦਰੀ ਸਮੱਸਿਆ ਦੇ ਰੂਪ ਵਿਚ ਪੇਸ਼ ਹੋਈ ਹੈ ਅਤੇ ਇਹ ਮਸਲਾ ਵਰਿਆਮ ਸਿੰਘ ਸੰਧੂ ਦੀਆਂ ਕਹਾਣੀਆਂ ਤੱਕ ਪਹੁੰਚਦਿਆਂ ਬਿਲਕੁੱਲ ਹੀ ਵੱਖਰੇ ਰੂਪ ਵਿਚ ਪੇਸ਼ ਹੁੰਦਾ ਹੈ ਜਿੱਥੇ ਸਿਰਫ਼ ਵਿਅਕਤੀ ਹੀ ਕੇਂਦਰ ਵਿਚ ਰਹਿ ਗਿਆ ਹੈ। ਭਾਈਚਾਰੇ ਤੇ ਪਰਿਵਾਰ ਦੀਆਂ ਚਿੰਤਾਵਾਂ ਪਿੱਛੇ ਰਹਿ ਗਈਆਂ ਹਨ। ਵਰਿਆਮ ਸਿੰਘ ਸੰਧੂ ਦੀ ਕਹਾਣੀ 'ਅੰਗ-ਸੰਗ' ਵਿਚ ਨਸ਼ੇੜੀ ਤੇ ਨਿਕੰਮੇ ਪਰਿਵਾਰਕ ਮੁਖੀ ਦੀ ਮੌਤ 'ਤੇ ਪਰਿਵਾਰ ਸੁਰਖਰੂ ਹੋਇਆ ਮਹਿਸੂਸ ਕਰਦਾ ਹੈ ਤੇ 'ਆਪਣਾ ਆਪਣਾ ਹਿੱਸਾ' ਵਿਚ ਤਾਂ ਰਿਸ਼ਤਿਆਂ ਦਾ ਨਿਘਾਰ ਮਾਂ-ਬਾਪ ਦੀਆਂ ਅਸਥੀਆਂ ਦੀ ਵੰਡ ਤੱਕ ਪਹੁੰਚ ਜਾਂਦਾ ਹੈ। ਕਿਸਾਨੀ ਪਰਿਵਾਰਾਂ ਵਿਚ ਜਾਇਦਾਦ ਦੀ ਵੰਡ ਲਈ ਤਾਂ ਲੜਾਈਆਂ ਹੋਣਾ ਆਮ ਵਰਤਾਰਾ ਹੈ, ਪਰ ਅਸਥੀਆਂ ਦੀ ਵੰਡ ਰਿਸ਼ਤਿਆਂ ਦੇ ਡਰਾਉਣੇ ਨਿਘਾਰ ਨੂੰ ਪੇਸ਼ ਕਰਦੀ ਹੋਈ ਕਿਸਾਨੀ ਪਰਿਵਾਰਾਂ ਦੇ ਨਿਰੰਤਰ ਵਧਦੇ ਤੇ ਸਾਹ ਘੁਟਵੇਂ ਆਰਥਕ ਸੰਕਟ ਦਾ ਪ੍ਰਗਟਾਵਾ ਕਰਦੀ ਹੈ।

ਸੰਤ ਸਿੰਘ ਸੇਖੋਂ ਦੀਆਂ ਕਹਾਣੀਆਂ ਵਿਚ ਵਿਦਿਆ ਪ੍ਰਾਪਤੀ ਰਾਹੀਂ ਨਵੇਂ ਧੰਦਿਆਂ ਨਾਲ ਜੁੜ ਕੇ ਆਰਥਕਤਾ ਦੇ ਭਵ-ਸਾਗਰ ਨੂੰ ਪਾਰ ਕਰਨ ਦਾ ਮਸਲਾ ਕੇਂਦਰੀ ਮਸਲੇ ਦੇ ਰੂਪ ਵਿਚ ਪੇਸ਼ ਹੋਇਆ ਹੈ। ਕਹਾਣੀ 'ਬਾਬਾ ਜੈਮਲ' ਵਿਚ ਬਾਬਾ ਜੈਮਲ ਆਪਣੇ ਭਰਾ ਦੇ ਪੋਤੇ ਨੂੰ ਉੱਚ-ਵਿਦਿਆ ਦਿਵਾਉਣਾ ਆਪਣਾ ਭਾਈਚਾਰਕ ਫ਼ਰਜ਼ ਸਮਝਦਾ ਹੋਇਆ ਉਸਦੀ ਸਹਾਇਤਾ ਕਰਦਾ ਹੈ। ਬਾਬੇ ਜੈਮਲ ਦੀ ਇਹ ਸੋਚ ਜਿੱਥੇ ਆਪਸੀ ਭਾਈਚਾਰਕ ਸੰਬੰਧਾਂ ਨੂੰ ਪ੍ਰਗਟਾਉਂਦੀ ਹੈ, ਉੱਥੇ ਇਹ

ਪੋਤੇ ਦੀ ਵਿਦਿਆ-ਪ੍ਰਾਪਤੀ ਸਮੁੱਚੇ ਪਰਿਵਾਰ ਦੀ ਸਾਂਝੀ ਮੁਹਿੰਮ ਤੇ ਪ੍ਰਾਪਤੀ ਦੇ ਰੂਪ ਵਿਚ ਕਹਾਣੀ ਵਿਚੋਂ ਪ੍ਰਗਟ ਹੁੰਦੀ ਹੈ। 'ਕਿਰਸਾਣ ਤੇ ਕਾਮਾ' ਕਹਾਣੀ ਵਿਚ ਰਾਮ ਸਿੰਘ ਦੀ ਸਖ਼ਤ ਮਿਹਨਤ ਦੇ ਬਾਵਜੂਦ ਨਿਰੰਤਰ ਆਰਥਕ ਨਿਘਾਰ 'ਦੱਬ ਕੇ ਵਾਹ ਤੇ ਰੱਜ ਕੇ ਖਾਹ' ਦੇ ਸਥਾਪਿਤ ਪ੍ਰਤਿਮਾਨ ਦੇ ਗ਼ੈਰ-ਪ੍ਰਾਸੰਗਿਕ ਹੋ ਜਾਣ ਨੂੰ ਹੀ ਪ੍ਰਗਟਾਉਂਦਾ ਹੈ। ਰਾਮ ਸਿੰਘ ਇਹ ਚੰਗੀ ਤਰ੍ਹਾਂ ਜਾਣਦਾ ਹੈ ਕਿ ਖੇਤੀ ਉਸਦੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਕਦੇ ਵੀ ਆਰਥਕ ਤੌਰ 'ਤੇ ਸੁਖਾਵੀਂ ਜ਼ਿੰਦਗੀ ਦੀ ਜਾਮਨ ਨਹੀਂ ਹੋ ਸਕਦੀ, ਕਿਉਂਕਿ ਛੋਟੇ ਆਕਾਰ ਦੀ ਖੇਤੀ ਵਿਚ ਨਾ ਤਾਂ ਕੋਈ ਚੰਗਾ ਕਾਮਾ ਹੀ ਉਸ ਨਾਲ ਰਲਣ ਲਈ ਤਿਆਰ ਹੈ ਤੇ ਨਾ ਹੀ ਉਸ ਕੋਲ ਇਤਨੇ ਆਰਥਕ ਸਾਧਨ ਹਨ ਕਿ ਉਹ ਆਪਣੇ ਧੰਦੇ ਲਈ ਲੋੜੀਂਦੇ ਸਾਧਨਾਂ ਦਾ ਹੀ ਪ੍ਰਬੰਧ ਕਰ ਸਕੇ। ਇਸ ਕਰਕੇ ਜਦੋਂ ਉਸਦਾ ਲੜਕਾ ਪੜ੍ਹਾਈ ਛੱਡਕੇ ਖੇਤੀ ਕਰਨ ਦਾ ਸੁਝਾ ਦੇਂਦਾ ਹੈ ਤਾਂ ਰਾਮ ਸਿੰਘ ਹਰ ਹੀਲੇ ਖੇਤੀ ਦੇ ਮੁਕਾਬਲੇ ਵਿਦਿਆ ਪ੍ਰਾਪਤੀ ਤੇ ਨੌਕਰੀ ਦਾ ਸੁਪਨਾ ਉਸਦੀ ਸੋਚ ਦਾ ਹਿੱਸਾ ਬਣਾਉਣ ਦੀ ਕੋਸ਼ਿਸ਼ ਕਰਦਾ ਹੈ, ਕਿਉਂਕਿ ਖੇਤੀ ਵਿਚ ਪੀੜ੍ਹੀ-ਦਰ ਪੀੜ੍ਹੀ ਮਿਹਨਤ ਕਰਨ ਦੇ ਬਾਵਜੂਦ ਉਹ ਲੋੜੀਂਦੀ ਖ਼ੁਸ਼ਹਾਲੀ ਹਾਸਲ ਕਰਨ ਵਿਚ ਨਾਕਾਮ ਰਹੇ ਹਨ ਤੇ ਇਸਦੇ ਮੁਕਾਬਲੇ ਉਸਦੀ ਸੋਚ ਮੁਤਾਬਿਕ ਪੜ੍ਹ ਲਿਖ ਕੇ ਹੀ ਕੇਵਲ ਚੰਗੀ ਤੇ ਸੁੱਖੀ ਜ਼ਿੰਦਗੀ ਗੁਜ਼ਾਰਣ ਬਾਰੇ ਸੋਚਿਆ ਜਾ ਸਕਦਾ ਹੈ।[14]

ਸੰਤ ਸਿੰਘ ਸੇਖੋਂ ਦੀਆਂ ਕਿਸਾਨੀ ਜੀਵਨ ਬਾਰੇ ਜਿਤਨੀਆਂ ਵੀ ਕਹਾਣੀਆਂ ਮਿਲਦੀਆਂ ਹਨ, ਉਨ੍ਹਾਂ ਵਿਚ ਕੋਈ ਵੀ ਕਹਾਣੀ ਐਸੀ ਨਹੀਂ ਹੈ ਜੋ ਕਿਸਾਨੀ ਦੀ ਆਪਣੇ ਧੰਦੇ ਵਿਚ ਲੱਗੀ ਮਿਹਨਤ ਦੇ ਮੁਕਾਬਲੇ 'ਤੇ ਹੋਣ ਵਾਲੀਆਂ ਪ੍ਰਾਪਤੀਆਂ ਪ੍ਰਤਿ ਸੰਤੁਸ਼ਟੀ ਜ਼ਾਹਰ ਕਰਦੀ ਹੋਵੇ। ਸਮੁੱਚੀ ਕਿਸਾਨੀ ਆਪਣੇ ਧੰਦੇ ਤੋਂ ਸਿਰਫ਼ ਰੋਜ਼ੀ-ਰੋਟੀ ਦਾ ਪ੍ਰਬੰਧ ਹੀ ਕਰ ਸਕਣ ਦੇ ਸਮਰਥ ਹੈ ਤੇ ਹਰ ਪੀੜ੍ਹੀ ਆਪਣੀ ਆਉਣ ਵਾਲੀ ਪੀੜ੍ਹੀ ਨੂੰ ਖੇਤੀ ਤੋਂ ਬਾਹਰ ਦੂਜੇ ਧੰਦਿਆਂ ਵੱਲ ਲਾਉਣ ਲਈ ਪ੍ਰੇਰਿਤ ਦਿਖਾਈ ਦੇਂਦੀ ਹੈ। ਕਿਸਾਨੀ ਨੂੰ ਇਹ ਸੋਝੀ ਤੇ ਮੌਕੇ ਨਿਸ਼ਚੇ ਹੀ ਸਾਮਰਾਜ ਦੀ ਆਮਦ ਨਾਲ ਹਾਸਲ ਹੋ ਰਹੇ ਸਨ। ਇਸ ਤਰ੍ਹਾਂ ਸੇਖੋਂ ਦੀਆਂ ਕਹਾਣੀਆਂ ਵਿਚ ਕਿਸਾਨੀ ਦੇ 'ਦੱਬ ਕੇ ਵਾਹ ਤੇ ਰੱਜ ਕੇ ਖਾਹ' ਜਾਂ 'ਉੱਤਮ ਖੇਤੀ' ਦੇ ਸਥਾਪਿਤ ਪ੍ਰਤਿਮਾਨ ਸਿਰਫ ਗ਼ੈਰ-ਪ੍ਰਾਸੰਗਿਕ ਹੁੰਦੇ ਹੀ ਨਜ਼ਰ ਨਹੀਂ ਆਉਂਦੇ,

ਸਗੋਂ ਕਿਸਾਨੀ ਵੀ ਇਸ ਜੀਵਨ ਜਾਚ ਤੋਂ ਅੱਗੇ ਵਧ ਕੇ ਨਵੇਂ ਮੌਕਿਆਂ ਨਾਲ ਜੁੜਦੀ ਨਜ਼ਰ ਆਉਂਦੀ ਹੈ, ਹਾਲਾਂਕਿ ਕਿਸਾਨੀ ਆਪਣੇ ਸੁਭਾਅ ਮੁਤਾਬਿਕ ਨਵੀਆਂ ਤਬਦੀਲੀਆਂ ਪ੍ਰਤਿ ਛੇਤੀ ਰੁਚਿਤ ਨਹੀਂ ਹੁੰਦੀ, ਪਰ ਨਿਸ਼ਚੇ ਹੀ ਇਹ ਤਬਦੀਲੀਆਂ ਕਿਸਾਨੀ ਦੀ ਹੋਂਦ ਲਈ ਜ਼ਰੂਰਤ ਬਣਦੀਆਂ ਨਜ਼ਰ ਆਉਂਦੀਆਂ ਹਨ।

ਇਹ ਵੇਰਵੇ ਸੇਖੋਂ ਦੀਆਂ ਬਹੁਤ ਸਾਰੀਆਂ ਕਹਾਣੀਆਂ ਵਿਚ ਵੀ ਚਿਤਰੇ ਗਏ ਦ੍ਰਿਸ਼ਟੀਗੋਚਰ ਹੁੰਦੇ ਹਨ। 'ਭੱਤਾ', 'ਕੀਟਾਂ ਅੰਦਰ ਕੀਟ', 'ਪੇਮੀ ਦੇ ਨਿਆਣੇ', 'ਦੀਨਾ', 'ਮੁੜ ਵਿਧਵਾ', 'ਲੇਖੇ ਛੋਡ ਅਲੇਖੇ ਛੂਟਹਿ', 'ਅੰਤਿਮ ਵਿਦਾਇਗੀ', 'ਨਿਮਕ ਹਰਾਮ', 'ਏਹ ਨਿਦੋਸਾ ਮਾਰੀਐ', 'ਤੀਜਾ ਘੜਾ' ਅਤੇ 'ਪੰਜਾਹ ਹਜ਼ਾਰ ਦਾ ਚੱਕਰ' ਵਿਚ ਵੀ ਕਿਸਾਨੀ ਆਪਣੀ ਆਉਣ ਵਾਲੀ ਪੀੜ੍ਹੀ ਨੂੰ ਪਿਤਾ-ਪੁਰਖੀ ਧੰਦਿਆਂ ਤੋਂ ਬਾਹਰ ਜਾ ਕੇ ਰੁਜ਼ਗਾਰ ਦੇ ਨਵੇਂ ਮੌਕਿਆਂ ਦਾ ਫ਼ਾਇਦਾ ਉਠਾਉਣ ਲਈ ਵਿਦਿਆ ਦਿਵਾਉਣ ਲਈ ਹਰ ਸੰਭਵ ਯਤਨ ਕਰਦੀ ਹੈ, ਤਾਂ ਕਿ ਸ਼ਾਹੂਕਾਰਾਂ ਦੇ ਕਰਜ਼ੇ ਤੋਂ ਨਿਜਾਤ ਹਾਸਿਲ ਕੀਤੀ ਜਾ ਸਕੇ। ਸੇਖੋਂ ਦੀਆਂ ਕਹਾਣੀਆਂ ਦੇ ਸਿਲਸਿਲੇਵਾਰ ਅਧਿਐਨ ਤੋਂ ਇਕ ਹੋਰ ਵੀ ਦਿਲਚਸਪ ਤੱਥ ਉਜਾਗਰ ਹੁੰਦਾ ਹੈ ਕਿ ਉਸਦੀਆਂ ਪਹਿਲੀਆਂ ਕਹਾਣੀਆਂ ਜੋ ਸਾਮਰਾਜ ਦੀ ਆਮਦ ਤੇ ਪੱਛਮੀ ਵਿਦਿਅਕ ਪ੍ਰਬੰਧ ਨਾਲ ਪੈਦਾ ਹੋਏ ਨਵੇਂ ਰੁਜ਼ਗਾਰ ਦੇ ਮੌਕਿਆਂ ਨੂੰ ਪੇਸ਼ ਕਰਨ ਉੱਪਰ ਕੇਂਦ੍ਰਿਤ ਸਨ, ਉਦੋਂ ਤੋਂ ਲੈ ਕੇ ਆਜ਼ਾਦੀ ਤੋਂ ਬਾਅਦ ਤਕਰੀਬਨ ਹਰੇ ਇਨਕਲਾਬ ਤੱਕ ਵੀ ਕਿਸਾਨੀ ਦੀ ਸਥਿਤੀ ਵਿਚ ਇਕ ਸਦੀ ਦੇ ਸਮੇਂ ਦੌਰਾਨ ਕੋਈ ਵੀ ਗੁਣਾਤਮਿਕ ਤਬਦੀਲੀ ਨਹੀਂ ਵਾਪਰਦੀ, ਉਦੋਂ ਵੀ ਕਿਸਾਨੀ ਆਪਣੇ ਪਿਤਾ-ਪੁਰਖੀ ਧੰਦੇ ਤੋਂ ਬਾਹਰ ਰੁਜ਼ਗਾਰ ਦੇ ਮੌਕੇ ਤਲਾਸ਼ ਰਹੀ ਸੀ ਤੇ ਅਜੋਕੇ ਸਮਿਆਂ ਵਿਚ ਵੀ, ਸਗੋਂ ਅਜੋਕੇ ਸਮਿਆਂ ਵਿਚ ਇਨ੍ਹਾਂ ਮੌਕਿਆਂ ਨੂੰ ਹਾਸਿਲ ਕਰਨਾ ਵਧੇਰੇ ਮੁਸ਼ਕਲ ਹੋ ਗਿਆ ਹੈ। ਸੇਖੋਂ ਦੇ ਆਖਰੀ ਸੰਗ੍ਰਹਿ 'ਸਿਆਣਪਾਂ' ਵਿਚ ਸ਼ਾਮਿਲ 'ਸ਼ਹੀਦ ਦੀ ਮਾਂ' ਤੇ 'ਪੰਜਾਹ ਹਜ਼ਾਰ ਦਾ ਚੱਕਰ' ਕਹਾਣੀਆਂ ਵਿਚ ਕਿਸਾਨੀ ਫ਼ੌਜ ਵਿਚ ਭਰਤੀ ਹੋ ਕੇ ਜਾਂ ਵਿਦੇਸ਼ਾਂ ਵਿਚ ਜਾ ਕੇ ਆਪਣੇ ਰੋਜ਼ੀ-ਰੋਟੀ ਦੇ ਮਸਲਿਆਂ ਦੇ ਹੱਲ ਲਈ ਯਤਨਸ਼ੀਲ ਹੈ।

ਇਸ ਤਰ੍ਹਾਂ ਸੇਖੋਂ ਕਿਸਾਨੀ ਜੀਵਨ ਦੀ ਪੇਸ਼ਕਾਰੀ ਨਾਲ ਸੰਬੰਧਿਤ ਕਹਾਣੀਆਂ ਵਿਚ ਸਥਾਪਿਤ ਸਰੋਕਾਰਾਂ ਨੂੰ ਪ੍ਰਸੰਗਹੀਣ ਹੋ ਜਾਣ ਦੀ ਦ੍ਰਿਸ਼ਟੀ ਤੋਂ ਹੀ ਨਹੀਂ ਚਿਤਰਦਾ, ਸਗੋਂ ਸਾਮਰਾਜ ਦੇ ਸ਼ੁਰੂ ਕੀਤੇ ਵਿਦਿਅਕ ਪ੍ਰਬੰਧ ਨੂੰ ਇਕ ਜ਼ਰੂਰਤ ਦੇ ਰੂਪ ਵਿਚ ਵੀ ਚਿਤਰਦਾ ਹੈ ਜਿਸਦਾ ਫ਼ਾਇਦਾ ਉਠਾਉਣ ਲਈ ਸਿਰਫ਼ ਕਿਸਾਨੀ ਹੀ ਨਹੀਂ ਗ਼ੈਰ ਕਾਸ਼ਤਕਾਰ ਜਾਤੀਆਂ ਵੀ ਤਤਪਰ ਸਨ। 'ਕੀਟਾਂ ਅੰਦਰ ਕੀਟ' ਵਿਚ ਪਿੰਡ ਦਾ ਦੁਕਾਨਦਾਰ ਆਪਣੀ ਔਲਾਦ ਨੂੰ ਪੜ੍ਹਾ-ਲਿਖਾ ਕੇ ਵਕਾਲਤ ਦੇ ਧੰਦੇ ਵਿਚ ਪਾਉਂਦਾ ਹੈ। ਨੰਦ ਲਾਲ ਦੀ ਵਕਾਲਤ ਭਾਵੇਂ ਚੰਗੀ ਤਰ੍ਹਾਂ ਨਹੀਂ ਚਲਦੀ, ਪਰ ਇਸ ਦੇ ਬਾਵਜੂਦ ਭਵਿੱਖ ਵਿਚਲੀਆਂ ਬੇਹਤਰ ਸੰਭਾਵਨਾਵਾਂ ਉਸਨੂੰ ਸਿਰੜ ਰੱਖ ਕੇ ਮਿਹਨਤ ਕਰਨ ਲਈ ਪ੍ਰੇਰਦੀਆਂ ਹਨ। ਇਸ ਤਰ੍ਹਾਂ 'ਨਿਮਕ ਹਰਾਮ' ਤੇ 'ਲੇਖੇ ਛੋਡ ਅਲੇਖੇ ਛੂਟਹਿ' ਕਹਾਣੀਆਂ ਵਿਚ ਵੀ ਪਿੰਡ ਦੇ ਦੁਕਾਨਦਾਰਾਂ ਦੀ ਅਗਲੀ ਪੀੜ੍ਹੀ ਨਵੇਂ ਧੰਦਿਆਂ ਦਾ ਫ਼ਾਇਦਾ ਉਠਾਉਣ ਲਈ ਸ਼ਹਿਰ ਵਿਚ ਉੱਚ ਵਿਦਿਆ ਗ੍ਰਹਿਣ ਕਰ ਰਹੀ ਹੈ। ਸਾਮਰਾਜ ਦਾ ਸ਼ੁਰੂ ਕੀਤਾ ਵਿਦਿਅਕ ਪ੍ਰਬੰਧ ਨਵੀਂ ਜੀਵਨ-ਜਾਚ ਲਈ ਜ਼ਰੂਰਤ ਬਣਿਆ ਨਜ਼ਰ ਆਉਂਦਾ ਹੈ। ਹਾਲਾਂਕਿ ਰੋਜ਼ੀ-ਰੋਟੀ ਦੀ ਜੰਗ ਲੜ ਰਹੀ ਛੋਟੀ ਕਿਸਾਨੀ ਦੇ ਸਮਾਜਕ-ਆਰਥਕ ਹਾਲਾਤ ਕਾਰਣ ਵਿਦਿਆ ਪ੍ਰਾਪਤ ਕਰਨੀ ਸੌਖਾ ਕਾਰਜ ਨਹੀਂ। ਆਰਥਕ ਸਾਧਨਾਂ ਦੀ ਘਾਟ ਜਾਂ ਇਸ ਨਵੀਂ ਵਿਦਿਅਕ ਪੱਧਤੀ ਲਈ ਜ਼ਰੂਰੀ ਮਾਨਸਿਕ ਪੱਧਰ ਨਾ ਹੋਣ ਕਰਕੇ 'ਦੀਨੇ' ਵਰਗੇ ਪੜ੍ਹਾਈ ਅਧੂਰੀ ਛੱਡਣ ਲਈ ਮਜਬੂਰ ਹੋ ਜਾਂਦੇ ਹਨ।

ਸੇਖੋਂ ਦੀਆਂ ਕਹਾਣੀਆਂ ਵਿਚ ਕਿਸਾਨੀ ਦੀਆਂ ਸਮੱਸਿਆਵਾਂ ਦੇ ਵਿਵੇਕ ਦੀ ਜੋ ਸੋਝੀ ਮਿਲਦੀ ਹੈ ਉਸ ਤੋਂ ਪਤਾ ਲਗਦਾ ਹੈ ਕਿ ਸੇਖੋਂ ਜਾਗੀਰਦਾਰੀ ਕਿਸਮ ਦੀ ਸਰਮਾਏਦਾਰੀ ਦਾ ਤਾਂ ਵਿਰੋਧੀ ਹੈ ਪਰ ਆਧੁਨਿਕ ਦੌਰ ਦੀ ਤੱਰਕੀ ਦਾ ਵਿਸ਼ਵਾਸੀ ਵੀ ਹੈ। ਉਸਨੂੰ ਲੱਗਦਾ ਹੈ ਕਿ ਜੇ ਕਿਸਾਨੀ ਦੇ ਬੱਚੇ ਨਵੀਂ ਵਿਦਿਆ ਹਾਸਲ ਕਰ ਲੈਣ ਤਾਂ ਗ਼ਰੀਬੀ ਤੇ ਕਰਜ਼ੇ ਤੋਂ ਮੁਕਤੀ ਹਾਸਲ ਕਰ ਸਕਦੇ ਹਨ ਪਰ ਉਹ ਇਹ ਭੁੱਲ ਜਾਂਦਾ ਹੈ ਕਿ ਜਿਹੜੇ ਸਾਮਰਾਜ ਦਾ ਉਹ ਵਿਰੋਧੀ ਹੈ ਉਸੇ ਦੇ ਸ਼ੁਰੂ ਕੀਤੇ ਵਿਦਿਅਕ ਪ੍ਰਬੰਧ ਨੂੰ ਉਹ ਮਾਨਤਾ ਦੇ ਰਿਹਾ ਹੈ। ਇਹ ਵਿਦਿਅਕ ਪ੍ਰਬੰਧ ਅਜਿਹਾ ਸੀ ਜਿਹੜਾ

ਭਾਰਤੀ ਸੰਸਕ੍ਰਿਤੀ ਦੀ ਜਾਨਦਾਰ ਵਿਰਾਸਤ ਨੂੰ ਅਸਲੋਂ ਘਟਾ ਕੇ ਵੇਖਦਾ ਤੇ ਰੱਦ ਕਰਦਾ ਸੀ। ਇਸ ਵਿਦਿਆ ਦਾ ਮਹੱਤਵ ਸਵੀਕਾਰ ਕਰਦੀਆਂ ਕਹਾਣੀਆਂ ਵਿਚ 'ਅੰਤਿਮ ਵਿਦਾਇਗੀ', 'ਲੇਖੇ ਛੋਡ ਅਲੇਖੇ ਛੂਟਹਿ', 'ਏਹ ਨਿਦੋਸਾ ਮਾਰੀਐ' ਅਤੇ 'ਕਿਰਸਾਣ ਤੇ ਕਾਮਾ' ਦਾ ਜ਼ਿਕਰ ਕੀਤਾ ਜਾ ਸਕਦਾ ਹੈ। ਸੇਖੋਂ ਦਾ ਇਹ ਦੁਵੱਲਾ ਰਵੱਈਆ ਇਸ ਪਾਸੇ ਵੀ ਸੰਕੇਤ ਕਰਦਾ ਹੈ ਕਿ ਠੀਕ ਹੈ ਪੱਛਮੀ ਤਰਜ਼ ਦੀ ਵਿਦਿਆ ਸਾਨੂੰ ਸਾਡੀ ਸੰਸਕ੍ਰਿਤੀ ਤੇ ਵਿਰਾਸਤ ਨਾਲੋਂ ਵਿੱਥ 'ਤੇ ਲੈ ਜਾਂਦੀ ਹੈ, ਪਰ ਇਹ ਵੀ ਅੰਗਰੇਜ਼ੀ ਵਿਦਿਆ ਹੀ ਹੈ ਜੋ ਸਾਨੂੰ ਆਪਣੇ ਚੌਗਿਰਦੇ ਨੂੰ ਵਧੇਰੇ ਤਰਕ ਨਾਲ ਜਾਨਣ ਦੀ ਸਮਝ ਦੇਂਦੀ ਹੈ ਤੇ ਦੁਨੀਆਂ ਦੇ ਗਿਆਨ-ਵਿਗਿਆਨ ਨਾਲ ਜੋੜਨ ਦਾ ਵਸੀਲਾ ਬਣਦੀ ਹੈ। ਇਹੋ ਵਿਦਿਆ ਹੀ ਸੇਖੋਂ ਲਈ ਆਪਣੇ ਸਿਧਾਂਤ, ਮਾਰਕਸਵਾਦ ਤੇ ਸਮਾਜਵਾਦ ਨਾਲ ਜੋੜਨ ਦਾ ਵੀ ਵਸੀਲਾ ਬਣਦੀ ਹੈ। ਇਸਦਾ ਸੰਕੇਤ 'ਆਸ ਦਾ ਜਨਮ' ਕਹਾਣੀ ਵਿਚ ਮਿਲ ਜਾਂਦਾ ਹੈ। ਇਹੋ ਵਿਦਿਆ ਉਹ ਤਰਕਸ਼ੀਲ ਨਜ਼ਰ ਦੇਂਦੀ ਹੈ ਜਿਸਦਾ ਬਖ਼ਾਨ 'ਪੇਮੀ ਦੇ ਨਿਆਣੇ' ਕਹਾਣੀ ਵਿਚ ਹੋਇਆ ਹੈ। ਸੇਖੋਂ ਪੰਜਾਬੀ ਸਮਾਜ ਵਿਚ ਫ਼ੈਲੇ ਉਸ ਅੰਧਵਿਸ਼ਵਾਸ ਦੇ ਖਿਲਾਫ਼ ਹੈ ਜੋ ਨਿੱਜੀ ਉੱਦਮ ਨੂੰ ਤਿਲਾਂਜਲੀ ਦੇ ਕੇ ਮੁੱਖ ਟੇਕ ਪਰਾ-ਸਰੀਰਕ ਸ਼ਕਤੀਆਂ 'ਤੇ ਰੱਖਦਾ ਹੈ। ਸੇਖੋਂ ਅੰਧਵਿਸ਼ਵਾਸ ਵਾਲੇ ਅਜਿਹੇ ਜੀਵਨ ਦਾ ਵਿਰੋਧ ਕਰਦਾ ਹੈ।

ਆਰਥਕ ਸਾਧਨਾਂ ਦੀ ਅਣਹੋਂਦ  ਕਾਰਣ ਅਨਪੜ੍ਹ ਜਾਂ ਘੱਟ ਪੜ੍ਹੀ-ਲਿਖੀ ਕਿਸਾਨੀ ਲਈ ਰੋਜ਼ੀ-ਰੋਟੀ ਕਮਾਉਣ ਲਈ ਫ਼ੌਜ ਵਿਚ ਭਰਤੀ ਹੋ ਕੇ ਬਸਤੀਵਾਦੀ ਨਿਜ਼ਾਮ ਦੇ ਵਿਸਥਾਰ ਤੇ ਮਜ਼ਬੂਤੀ ਲਈ ਲੜਨਾ-ਮਰਨਾ ਤੇ ਜਾਂ ਵਿਦੇਸ਼ਾਂ ਵਿਚ ਜਾ ਕੇ ਮਿਹਨਤ-ਮਜ਼ਦੂਰੀ ਕਰਨਾ ਦੋ ਹੀ ਰਸਤੇ ਬਾਕੀ ਰਹਿ ਜਾਂਦੇ ਸਨ ਜਿੱਥੇ ਜਾਨ ਦੀ ਕੀਮਤ 'ਤੇ ਆਰਥਕ ਖੁਸ਼ਹਾਲੀ ਹਾਸਲ ਕਰਨ ਦੀ ਸੰਭਾਵਨਾ ਹੋ ਸਕਦੀ ਸੀ। 'ਅਣੋਖ ਸਿੰਘ ਦੀ ਵਹੁਟੀ' ਦਾ ਕੇਂਦਰੀ ਪਾਤਰ ਅਣੋਖ ਸਿੰਘ ਪਹਿਲੀ ਸੰਸਾਰ ਜੰਗ ਲੜਦਾ ਹੈ ਤੇ ਚੰਗੀ ਕਿਸਮਤ ਨੂੰ ਜਿਉਂਦਾ ਵਾਪਸ ਪਰਤਦਾ ਹੈ। ਉਸਦੀ ਫ਼ੌਜ ਦੀ ਨੌਕਰੀ ਉਸ ਲਈ ਆਰਥਕ ਖ਼ੁਸ਼ਹਾਲੀ ਦੀ ਜਾਮਨ ਬਣ ਜਾਂਦੀ ਹੈ ਤੇ ਉਹ ਇਲਾਕੇ ਵਿਚ ਸਭ ਤੋਂ ਵਧੀਆ ਮਕਾਨ ਬਣਾਉਂਦਾ ਹੈ। 'ਬਾਬਾ ਜੈਮਲ ਸਿੰਘ' ਵਿਚ ਬਾਬਾ ਜੈਮਲ ਪੁਲੀਸ ਦੀ

ਨੌਕਰੀ ਦੇ ਸਿਰ ’ਤੇ ਪਿੰਡ ਵਿਚ ਸ਼ਾਹੂਕਾਰ ਬਣ ਜਾਂਦਾ ਹੈ। ਪਰ ਇਨ੍ਹਾਂ ਕਹਾਣੀਆਂ ਦੇ ਮੁਕਾਬਲੇ ‘ਮੀਂਹ ਜਾਵੇ ਅਨ੍ਹੇਰੀ ਜਾਵੇ’ ਕਹਾਣੀ ਵਿਚ ਫ਼ੌਜ ਵਿਚ ਭਰਤੀ ਹੋਣ ਦੀ ਮਜਬੂਰੀ ਨੂੰ ਵਧੇਰੇ ਵਿਸਥਾਰ ਤੇ ਕਲਾਤਮਿਕਤਾ ਨਾਲ ਪੇਸ਼ ਕੀਤਾ ਗਿਆ ਹੈ। ਕਹਾਣੀ ਦਾ ਪਾਤਰ ਮੰਗਲ ਸਿੰਘ ਭਲੀ-ਭਾਂਤ ਸਮਝਦਾ ਹੈ ਕਿ ਉਸਦੀ ਗ਼ੈਰ-ਹਾਜ਼ਰੀ ਵਿਚ ਉਸਦੀ ਪਤਨੀ ਦੇ ਇਕੱਲੇ ਰਹਿ ਜਾਣ ਨਾਲ ਪਤਨੀ ਬਸੰਤ ਕੌਰ ਤੇ ਉਸਦੇ ਪਰਿਵਾਰ ਨੂੰ ਕਿਹੜੇ ਖਤਰੇ ਦਰਪੇਸ਼ ਹਨ, ਫਿਰ ਵੀ ਉਹ ਲਾਚਾਰੀ ਵੱਸ ਫ਼ੌਜ ਦੀ ਨੌਕਰੀ ਕਰਨ ਲਈ ਮਜਬੂਰ ਹੈ। ਇੰਜ ਫ਼ੌਜ ਵਿਚ ਭਰਤੀ ਹੋਣਾ ਅਜਿਹੀ ਮਜਬੂਰੀ ਸੀ ਜਿਸਨੂੰ ਸ੍ਵੈ-ਇੱਛਾ ਨਾਲ ਅਪਨਾਉਣਾ ਪੰਜਾਬ ਦੇ ਕਿਸਾਨ ਦੀ ਜ਼ਰੂਰਤ ਬਣ ਗਈ ਸੀ ਤੇ ਸਾਮਰਾਜ ਆਪਣੀ ਇਸ ਲੋੜ ਦੀ ਪੂਰਤੀ ਲਈ ਪੰਜਾਬੀਆਂ ਨੂੰ ‘ਮਾਰਸ਼ਲ ਕੌਮ’ ਆਖ ਕੇ ਵਡਿਆ ਕੇ ਆਪਣੇ ਹਿਤ ਸੁਰੱਖਿਅਤ ਰੱਖ ਰਿਹਾ ਸੀ। ਇੰਜ ਭਾਵੇਂ ਜ਼ਾਹਰ ਤੌਰ ’ਤੇ ਤਾਂ ਨਹੀਂ ਪਰ ਇਸਦੀ ਪਿੱਠ ਭੂਮੀ ਵਿਚ ਅੰਗਰੇਜ਼ ਸਾਮਰਾਜ ਦੀ ਕੁਚਾਲ ਨਜ਼ਰ ਆਉਂਦੀ ਹੈ। ਕਹਾਣੀ ਦੇ ਪਾਤਰਾਂ ਦੀ ਦੁਬਿਧਾ ਉਸ ਸਥਿਤੀ ਦੀ ਉਪਜ ਹੈ ਜਿਸ ਵਿਚ ਹੱਡ-ਭੰਨਵੀਂ ਮਿਹਨਤ ਦੇ ਬਾਵਜੂਦ ਮੰਗਲ ਸਿੰਘ ਆਪਣੀ ਜ਼ਮੀਨ ਵਿਚੋਂ ਪਰਿਵਾਰ ਦੇ ਗੁਜ਼ਾਰੇ ਜੋਗੀ ਰੋਟੀ ਪੈਦਾ ਨਹੀਂ ਕਰ ਸਕਦਾ ਤੇ ਚਾਰ ਸਾਲਾਂ ਵਿਚ ਹੀ ਉਹ ਹਜ਼ਾਰ ਰੁਪਏ ਦਾ ਕਰਜ਼ਾਈ ਹੋ ਜਾਂਦਾ ਹੈ ਤੇ ਆਉਣ ਵਾਲੇ ਸਮੇਂ ਵਿਚ ਜ਼ਮੀਨ ਤੋਂ ਹੱਥ ਧੋਣ ਦੀ ਸੰਭਾਵਨਾ ਤੋਂ ਬਚਣ ਲਈ ਫ਼ੌਜ ਵਿਚ ਭਰਤੀ ਹੋਣਾ ਉਸਦੀ ਮਜਬੂਰੀ ਬਣ ਜਾਂਦੀ ਹੈ।[15] ਇਸ ਨਾਲ ਭਾਵੇਂ ਮੰਗਲ ਸਿੰਘ ਕਰਜ਼ੇ ਤੋਂ ਤਾਂ ਛੁਟਕਾਰਾ ਹਾਸਲ ਕਰ ਲੈਂਦਾ ਹੈ ਪਰ ਸੇਖੋਂ ਕਹਾਣੀ ਵਿਚ ਜਿਸ ਸੰਭਾਵੀ ਸੰਕਟ ਵੱਲ ਇਸ਼ਾਰਾ ਕਰਦਾ ਹੈ, ਭਾਵੇਂ ਉਹ ਕਹਾਣੀ ਵਿਚ ਵਾਪਰਦਾ ਤਾਂ ਨਹੀਂ ਪਰ ਅਜਿਹਾ ਵਾਪਰਣ ਦੀ ਸੰਭਾਵਨਾ ਤਾਂ ਬਣੀ ਹੀ ਰਹਿੰਦੀ ਹੈ ਅਤੇ ਜਿਸ ਵਿਸ਼ਵਾਸ ਨਾਲ ਬਸੰਤ ਕੌਰ ਜਤ-ਸਤ ਸਮੇਤ ਉਸ ਸੰਕਟ ਦਾ ਸਾਹਮਣਾ ਕਰਦੀ ਹੈ, “ਉਹ ਛੱਡ ਦੇ, ਗੁਰਦੇਵ ਸਿਆਂਹ ਮੇਰੇ ਹੱਥ, ਭਲਕੇ ਮੇਰੇ ਸਰਦਾਰ ਨੇ ਛੁੱਟੀ ਆ ਜਾਣੈ।”[16] ਉਸ ਰਾਹੀਂ ਸਮੁੱਚੇ ਕਿਸਾਨੀ ਸਮਾਜ ਦੇ ਰਿਸ਼ਤਿਆਂ, ਥੁੜ੍ਹਾਂ ਦਾ ਭਾਵ-ਪੂਰਤ ਚਿਤਰ ਉਜਾਗਰ ਹੋ ਜਾਂਦਾ ਹੈ।

ਇਸ ਕਹਾਣੀ ਵਿਚ ਸੇਖੋਂ ਜਿਸ ਢੰਗ ਨਾਲ ਇਸ ਕਹਾਣੀ ਦੀ ਮੁੱਖ ਪਾਤਰ ਬਸੰਤ ਕੌਰ ਦੇ ਪਾਤਰ

ਨੂੰ ਉਸਾਰਦਾ ਹੈ ਤੇ ਉਸਦੀ ਮਾਨਸਿਕਤਾ ਨੂੰ ਬਿਆਨ ਕਰਦਾ ਹੈ ਉਹ ਨਿਸ਼ਚੇ ਹੀ ਸੇਖੋਂ ਨੂੰ ਮਨੁੱਖੀ ਮਨ ਵਿਚਲੀਆਂ ਤਰੰਗਾਂ ਨੂੰ ਫੜਨ ਤੇ ਪੇਸ਼ ਕਰਨ ਦੇ ਮਾਹਿਰ ਕਹਾਣੀਕਾਰ ਵਜੋਂ ਸਥਾਪਿਤ ਕਰਦਾ ਹੈ। ਇਕ ਪਾਸੇ ਬਸੰਤ ਕੌਰ ਜਾਗੀਰਦਾਰ ਦੇ ਮੁੰਡੇ ਦੇ ਆਪਣੇ ਵੱਲ ਦਿੱਤੇ ਜਾ ਰਹੇ ਧਿਆਨ ਤੋਂ ਆਕੁਲ ਹੈ, ਦੂਜੇ ਪਾਸੇ ਉਸੇ ਸਦਕਾ ਉਹ ਕੱਪੜਿਆਂ ਵੱਲ ਧਿਆਨ ਦੇਣ ਲੱਗ ਪਈ ਹੈ। ਮਨੁੱਖੀ ਮਨ ਦੇ ਇਸ ਸੱਚ ਤੋਂ ਮੁਨਕਿਰ ਹੋ ਕੇ ਕਿਸੇ ਇਕੋ ਰੰਗ ਵਿਚ ਪੇਸ਼ ਕਰਨਾ, ਸੇਖੋਂ ਜਾਣਦਾ ਹੈ ਕਿ ਨਾ ਯਥਾਰਥ ਹੈ ਤੇ ਨਾ ਸੱਚ। ਇਹ ਕੋਈ ਆਦਰਸ਼ ਹੋ ਸਕਦਾ ਹੈ, ਕੋਈ ਰੁਮਾਂਸ ਹੋ ਸਕਦਾ ਹੈ।[17] ਸੇਖੋਂ ਪ੍ਰਗਤੀਵਾਦੀ ਨਜ਼ਰੀਏ ਦਾ ਕਹਾਣੀਕਾਰ ਹੋਣ ਦੇ ਬਾਵਜੂਦ ਜਾਗੀਰਦਾਰ ਦੇ ਮੁੰਡੇ ਦੇ ਵਿਹਾਰ ਨੂੰ ਜਮਾਤੀ ਦ੍ਰਿਸ਼ਟੀਕੋਣ ਤੋਂ ਨਹੀਂ ਚਿਤਰਦਾ, ਜਿਸ ਵਿਚ ਜਮਾਤੀ ਟਕਰਾਉ ਦੀ ਸੰਭਾਵਨਾ ਉਸ ਵੇਲੇ ਦੇ ਪ੍ਰਗਤੀਵਾਦੀ ਪੰਜਾਬੀ ਸਾਹਿਤ ਦਾ ਕੇਂਦਰੀ ਸੂਤਰ ਬਣਿਆ ਹੋਇਆ ਸੀ। ਸਗੋਂ ਸੇਖੋਂ ਉਸ ਨੂੰ ਮਨੁੱਖੀ ਮਾਨਸਿਕਤਾ ਦੇ ਪਾਰੇ ਵਾਂਗ ਥਿਰਕਦੇ ਵਿਹਾਰ ਦੇ ਦਾਇਰੇ ਵਿਚ ਰੱਖਕੇ ਚਿਤਰਦਿਆਂ ਹੋਇਆ ਵਧੇਰੇ ਸੁਭਾਵਿਕ ਤੇ ਯਥਾਰਥਕ ਹੋਣ ਦਾ ਪ੍ਰਭਾਵ ਸਿਰਜਦਾ ਹੈ।

ਕਿਸਾਨੀ ਵਰਗੇ ਮੁੱਸ਼ਕਤ ਤੇ ਮੁਸ਼ਕਲਾਂ ਭਰੇ ਜੀਵਨ ਦੇ ਮੁਕਾਬਲੇ ਹਰ ਮਹੀਨੇ ਮਿਲਣ ਵਾਲੀ ਬੱਝਵੀਂ ਤਨਖ਼ਾਹ ਹਮੇਸ਼ਾ ਹੀ ਕਿਸਾਨੀ ਦੀਆਂ ਖ਼ਾਹਿਸ਼ਾਂ ਦਾ ਕੇਂਦਰ ਰਹੀ ਹੈ। ਸਿਰਫ਼ ਮਰਦ ਹੀ ਨਹੀਂ, ਜਵਾਨ ਲੜਕੀਆਂ ਦਾ ਵੀ ਫ਼ੌਜੀ ਦੀ ਪਤਨੀ ਬਣਨ ਦਾ ਸੁਪਨਾ ਸਾਡੇ ਲੋਕ ਗੀਤਾਂ ਦੇ ਮਾਧਿਅਮ ਰਾਹੀਂ ਇਨ੍ਹਾਂ ਭਾਵਨਾਵਾਂ ਦੀ ਤਰਜ਼ਮਾਨੀ ਕਰਦਾ ਆ ਰਿਹਾ ਹੈ। ਕਹਾਣੀ 'ਬੁੱਢ ਸੁਹਾਗਣ' ਵਿਚ ਸੰਸਾਰ ਜੰਗ ਵਿਚ ਹੋਈ ਭਾਗ ਸਿੰਘ ਦੀ ਮੌਤ ਤੋਂ ਬਾਅਦ ਉਸਦਾ ਪੁੱਤਰ ਵੀ ਫ਼ੌਜੀ ਬਣਨ ਦੀ ਚੋਣ 'ਤੇ ਹੀ ਮੋਹਰ ਲਾਉਂਦਾ ਹੈ। 'ਸ਼ਹੀਦ ਦੀ ਮਾਂ' ਕਹਾਣੀ ਵਿਚ ਵੀ ਜਵਾਨ ਗੁਰਜੀਤ ਦੀ ਮੌਤ ਭਾਵੇਂ ਪਰਿਵਾਰ ਲਈ ਆਰਥਕ ਤੇ ਭਾਵੁਕ ਵਿਗੋਚੇ ਦਾ ਕਾਰਣ ਬਣਦੀ ਹੈ, ਪਰ ਕਿਸਾਨੀ ਕੋਲ ਆਰਥਕ ਲੜਾਈ ਜਿੱਤਣ ਦਾ ਹੋਰ ਕੋਈ ਰਾਹ ਹੀ ਨਹੀਂ। ਖੇਤੀ ਤੇ ਫ਼ੌਜ ਵਰਗੇ ਨਵੇਂ ਮੌਕਿਆਂ ਨਾਲ ਜੁੜੀਆਂ ਜ਼ਰੂਰਤਾਂ ਕਰਕੇ ਲੜਕੀਆਂ ਦੇ ਮੁਕਾਬਲੇ ਪੁੱਤਰ ਪੈਦਾ ਕਰਨ ਦੀ ਲੁਕਵੀਂ ਚਾਹਤ ਹਮੇਸ਼ਾ ਹੀ ਕਾਇਮ ਰਹੀ ਹੈ, ਕਿਉਂਕਿ ਖੇਤੀ ਵਰਗੇ ਕਰੜੀ ਮੁਸ਼ੱਕਤ ਵਾਲੇ ਧੰਦੇ ਵਿਚ ਕਿਰਤ

ਕਰਨ ਵਾਲੇ ਹੱਥਾਂ ਦੀ ਜ਼ਰੂਰਤ ਹਮੇਸ਼ਾ ਹੀ ਬਣੀ ਰਹਿੰਦੀ ਹੈ ਤੇ ਦੂਸਰੇ ਰਾਤ-ਬਰਾਤੇ ਜਾਂ ਵੇਲੇ-ਕੁਵੇਲੇ ਵੀ ਘਰੋਂ ਬਾਹਰ ਕੰਮ ਕਰਨ ਲਈ ਨਿਕਲਣ ਕਰਕੇ ਔਰਤ ਜਾਂ ਲੜਕੀ ਨੂੰ ਇਸ ਦੇ ਲਈ ਯੋਗ ਨਾ ਸਮਝੇ ਜਾਣ ਕਰਕੇ ਲੜਕੇ ਦੀ ਚਾਹਤ ਹਮੇਸ਼ਾ ਬਣੀ ਰਹਿੰਦੀ ਹੈ। 'ਅੰਤਿਮ ਵਿਦਾਇਗੀ' ਵਿਚ ਮਰਨ ਕਿਨਾਰੇ ਪਈ ਦਇਆ ਕੌਰ ਨੂੰ ਮੌਤ ਨਾਲੋਂ ਵੀ ਵਧੇਰੇ ਫ਼ਿਕਰ ਪੋਤੇ ਦੀ ਚਾਹਤ ਦਾ ਹੈ ਤੇ ਉਹ ਪੋਤੇ ਦੀ ਪ੍ਰਾਪਤੀ ਲਈ ਮੌਤ ਨਾਲ ਵੀ ਲੜਨ ਲਈ ਤਿਆਰ ਹੈ।[18] ਇਹ ਚਾਹਤ ਸਿਰਫ਼ ਦੁਨੀਆਦਾਰਾਂ ਵਿਚ ਹੀ ਨਹੀਂ ਘਰ-ਬਾਰ ਤੇ ਗ੍ਰਿਹਸਤੀ ਜੀਵਨ ਤਿਆਗ ਚੁੱਕੇ 'ਜੱਗ ਤੇ ਜਿਉਣਾ ਕੂੜ ਉਨਾਂ ਦਾ' ਦਾ ਪਾਤਰ ਮੱਘਰ ਵੀ ਭਰਾ ਦੇ ਘਰ ਪੁੱਤ ਹੋਣ ਦਾ ਮੋਹ ਤਿਆਗ ਨਹੀਂ ਸਕਦਾ, ਕਿਉਂਕਿ ਇਸ ਨਾਲ ਪਰਿਵਾਰ ਦੇ ਆਰਥਕ ਹਾਲਾਤ ਸੁਧਰਣ ਦੀ ਆਸ ਜੁੜੀ ਹੋਈ ਹੈ, ''ਇਹਦੇ ਪਹਿਲੀ ਉਮਰ 'ਚ ਮੁੰਡਾ ਹੋ ਜਾਵੇ ਤਾਂ ਇਹਦੀ ਮਦਤ ਕਰੂ ਖੇਤੀ ਬਾੜੀ ਵਿਚ। ਕਿਤੇ ਨੌਕਰ ਈ ਹੋ ਜੁ ਤੇ ਘਰ ਦੀ ਕੁਝ ਬਾਂਹ ਫੜੂ।''[19] ਕਹਾਣੀ 'ਮੁੜ ਵਿਧਵਾ' ਵਿਚ ਮਾਂ ਤੇ ਧੀ ਦੋਵੇਂ ਵਿਧਵਾ ਔਰਤਾਂ ਛੋਟੇ ਜਿਹੇ ਬਾਲ ਦੇ ਆਸਰੇ ਆਪਣੀ ਵਿਧਵਾ ਜ਼ਿੰਦਗੀ ਗੁਜ਼ਾਰਣ ਦਾ ਸੰਕਲਪ ਮਨ ਵਿਚ ਧਾਰਨ ਕੀਤੀ ਬੈਠੀਆਂ ਹਨ। 'ਜੇ ਮੈਂ ਮੁੰਡਾ ਹੁੰਦੀ' ਕਹਾਣੀ ਦੀ ਕੇਂਦਰੀ ਪਾਤਰ ਦੇ ਮਨ ਵਿਚ ਔਰਤ ਹੋਣ ਦੀ ਕਸਕ ਪਈ ਹੋਈ ਹੈ ਕਿ ਜੇ ਉਹ ਮੁੰਡਾ ਹੁੰਦੀ ਤਾਂ ਆਪਣੇ ਬਜ਼ੁਰਗ ਪਿਤਾ ਦਾ ਸਹਾਰਾ ਬਣਦੀ, ਹੁਣ ਪਤੀ ਦੀ ਮਰਜ਼ੀ ਦੇ ਖ਼ਿਲਾਫ਼ ਜਾ ਕੇ ਅਜਿਹਾ ਕਰਨਾ ਉਸ ਲਈ ਸੰਭਵ ਨਹੀਂ। ਜਾਗੀਰਦਾਰੀ ਸਮਾਜ ਦੇ ਇਹ ਸੰਸਕਾਰ ਔਰਤ ਦੇ ਮਨ ਵਿਚ ਵੀ ਡੂੰਘੇ ਉਕਰੇ ਹੋਏ ਹਨ ਤੇ ਉਹ ਇਨ੍ਹਾਂ ਕਦਰਾਂ-ਕੀਮਤਾਂ 'ਤੇ ਪੂਰਿਆਂ ਉਤਰਨ ਲਈ ਆਪਣੀ ਮਾਨਵੀ ਹੋਂਦ ਨੂੰ ਵੀ ਦਰਕਿਨਾਰ ਕਰਨ ਲਈ ਤਿਆਰ ਹੋ ਜਾਂਦੀ ਹੈ।

ਇਸ ਤਰ੍ਹਾਂ ਸੇਖੋਂ ਦੀਆਂ ਕਹਾਣੀਆਂ ਵਿਚ ਪੁੱਤਰ-ਪ੍ਰਾਪਤੀ ਦੀ ਖ਼ਾਹਿਸ਼ ਕਿਸਾਨੀ ਸਮਾਜ ਦੀ ਜੀਵਨ-ਜਾਚ ਦੀ ਚਾਲਕ ਸ਼ਕਤੀ ਵਜੋਂ ਪੇਸ਼ ਹੋਈ ਹੈ। ਕਿਸਾਨੀ ਸਮਾਜ ਨੂੰ ਆਪਣੇ ਕਰਜ਼ੇ ਤੋਂ ਸੁਰਖ਼ਰੂ ਹੋਣ ਦਾ ਇਹੀ ਰਾਹ ਨਜ਼ਰ ਆਉਂਦਾ ਹੈ ਕਿ ਆਉਣ ਵਾਲੀ ਪੀੜ੍ਹੀ ਮਿਹਨਤ ਕਰਕੇ ਜਾਂ ਨਵੇਂ ਧੰਦਿਆਂ ਵਿਚ ਲੱਗ ਕੇ ਘਰ ਦੀ ਕਰਜ਼ੇ ਕਾਰਣ ਡੁੱਬ ਰਹੀ ਬੇੜੀ ਦੇ ਪਾਰ ਉਤਾਰਣ ਵਿਚ

ਸਹਾਇਕ ਬਣੇ, ਜਦਕਿ ਲੜਕੀ ਬਿਗਾਨੀ ਅਮਾਨਤ ਹੋਣ ਕਰਕੇ ਤੇ ਉਸਦੇ ਸ਼ਾਦੀ-ਵਿਆਹ ਤੇ ਉਸਤੋਂ ਬਾਅਦ ਦੀਆਂ ਰਸਮਾਂ ’ਤੇ ਹੋਣ ਵਾਲੇ ਖ਼ਰਚੇ ਕਿਸਾਨੀ ਦੇ ਆਰਥਿਕ ਸੰਕਟ ਵਿਚ ਵਾਧਾ ਕਰਨ ਵਾਲੇ ਹੋ ਸਕਦੇ ਹਨ। ਇਸ ਤਰ੍ਹਾਂ ਸੇਖੋਂ ਦੀਆਂ ਕਹਾਣੀਆਂ ਵਿਚ ਕਰਜ਼ਾ ਇਕ ਕੇਂਦਰੀ ਸੂਤਰ ਦੇ ਰੂਪ ਵਿਚ ਕਾਰਜਸ਼ੀਲ ਹੈ। ਸੇਖੋਂ ਦੀਆਂ ਬਹੁਤ ਸਾਰੀਆਂ ਕਹਾਣੀਆਂ ਵਿਚ ਕਿਸਾਨੀ ਖੇਤੀ ਵਿਚੋਂ ਰੋਜ਼ੀ-ਰੋਟੀ ਕਮਾ ਸਕਣ ਦੇ ਅਸਮਰਥ ਨਜ਼ਰ ਆਉਂਦੀ ਹੈ। ਜੀਵਨ ਨਿਰਬਾਹ ਲਈ ਸ਼ਾਹੂਕਾਰਾਂ ’ਤੇ ਨਿਰਭਰਤਾ ਕਿਸਾਨੀ ਦੀ ਮਜਬੂਰੀ ਬਣੀ ਰਹੀ ਹੈ। ਇਸੇ ਲਈ ‘ਗੁਰੂ ਬਿਨਾਂ ਗੱਤ ਨਹੀਂ ਤੇ ਸ਼ਾਹ ਬਿਨਾਂ ਪੱਤ ਨਹੀਂ’ ਵਰਗੇ ਸਰੋਕਾਰ ਕਿਸਾਨੀ ਸਮਾਜ ਵਿਚ ਕਾਰਜਸ਼ੀਲ ਨਜ਼ਰ ਆਉਂਦੇ ਹਨ। ਕਿਸਾਨੀ ਦਾ ਵੱਡਾ ਹਿੱਸਾ ਕਿਸੇ ਨਾ ਕਿਸੇ ਰੂਪ ਵਿਚ ਸ਼ਾਹੂਕਾਰਾਂ ਦਾ ਕਰਜ਼ਾਈ ਹੈ, ਪਰ ਆਪਣੀਆਂ ਸਮਾਜਕ ਕਦਰਾਂ-ਕੀਮਤਾਂ ਕਰਕੇ ਕਿਸਾਨੀ ਹਮੇਸ਼ਾ ਹੀ ਆਪਣੇ ਕਰਜ਼ੇ ਨੂੰ ਭਾਈਚਾਰੇ ਤੋਂ ਲੁਕਾ ਕੇ ਰੱਖਣ ਦਾ ਯਤਨ ਕਰਦੀ ਹੈ, ਕਿਉਂਕਿ ਕਰਜ਼ਾਈ ਹੋਣਾ ਉਸ ਲਈ ਸਮਾਜਕ ਮਿਹਣਾ ਹੈ। ਕਿਸਾਨੀ ਦੀ ਇਸ ਮਾਨਸਿਕਤਾ ਦਾ ਫ਼ਾਇਦਾ ਹੀ ਸ਼ਾਹੂਕਾਰ ਉਠਾਉਂਦੇ ਹਨ ਤੇ ਕਿਸਾਨੀ ਵੀ ਸ਼ਾਹੂਕਾਰਾਂ ਦੁਆਰਾ ਲੁੱਟੇ ਜਾਣ ਦੇ ਬਾਵਜੂਦ ਇਸ ਨੂੰ ਪਰਦੇ ਵਿਚ ਹੀ ਰੱਖਣਾ ਚਾਹੁੰਦੀ ਹੈ। ਸ਼ਾਹੂਕਾਰਾਂ ਨੇ ਕਿਸਾਨੀ ਨੂੰ ਕਰਜ਼ਾਈ ਬਣਾਈ ਰੱਖਣ ਲਈ ਕਿਸਾਨੀ ਦੀ ਇਸ ਮਾਨਸਿਕਤਾ ਦਾ ਭਰਪੂਰ ਫ਼ਾਇਦਾ ਉਠਾਇਆ ਹੈ ਤੇ ਕਿਸਾਨੀ ਦੀ ‘ਪੱਤ ਦੇ ਰਾਖੇ’ ਹੋਣ ਦਾ ਪ੍ਰਪੰਚ ਰਚ ਕੇ ਕਿਸਾਨੀ ਨੂੰ ਆਪਣਾ ਅਹਿਸਾਨਮੰਦ ਵੀ ਬਣਾ ਕੇ ਰੱਖਿਆ ਹੋਇਆ ਹੈ ਤੇ ਲੁੱਟਿਆ ਵੀ ਹੈ। ਪਰੰਪਰਾਗਤ ਮਾਨਸਿਕਤਾ ਦੀ ਧਾਰਨੀ ਹੋਣ ਕਰਕੇ ਤੇ ਮੱਧਕਾਲ ਦੀ ਅਧਿਆਤਮਕ ਵਿਚਾਰਧਾਰਾ ਦੇ ਪ੍ਰਭਾਵ ਅਧੀਨ ਕਿਸਾਨੀ ਸ਼ੋਸ਼ਣਕਾਰੀ ਧਿਰਾਂ ਦੁਆਰਾ ਪ੍ਰਚਲਿਤ ਕੀਮਤਾਂ ਨੂੰ ਆਪਣੇ ਜੀਵਨ ਦੇ ਲਾਜ਼ਮੀ ਤੇ ਉੱਚੇ-ਸੁੱਚੇ ਪ੍ਰਤਿਮਾਨਾਂ ਵਜੋਂ ਗ੍ਰਹਿਣ ਕਰਕੇ ਇਨ੍ਹਾਂ ’ਤੇ ਪੂਰਿਆਂ ਉੱਤਰਣ ਦਾ ਹਰ ਸੰਭਵ ਯਤਨ ਕਰਦੀ ਹੈ ਤੇ ਅਜਿਹਾ ਨਾ ਕਰਨਾ ਉਸਨੂੰ ਸਿਰਫ਼ ਭਾਈਚਾਰੇ ਵਿਚ ਹੀ ਨਸ਼ਰ ਹੋ ਜਾਣ ਦਾ ਡਰ ਤੇ ਪੱਤ ਦੇ ਰਾਖੇ ਸ਼ਾਹੂਕਾਰ ਤੋਂ ਝੂਠਾ ਪੈਣ ਦਾ ਸਹਿਮ ਹੀ ਨਹੀਂ ਸਗੋਂ ਪਰਮਾਤਮਾ ਦੀ ਦਰਗਾਹ ਵਿਚ ਵੀ ਦੁਰਕਾਰੇ ਜਾਣ ਦਾ ਭੈਅ ਵੀ ਇਸ ਵਿਚ ਸ਼ਾਮਲ ਹੈ। ਇਸ ਲਿਹਾਜ਼ ਨਾਲ ਕਿਸਾਨੀ ਦੇ ਜੀਵਨ ਵਿਚ

ਸ਼ਾਹੂਕਾਰ ਦਾ ਦਰਜਾ ਪਰਮਾਤਮਾ ਤੋਂ ਵੀ ਉੱਚਾ ਸਥਾਨ ਗ੍ਰਹਿਣ ਕਰਦਾ ਨਜ਼ਰ ਆਉਂਦਾ ਹੈ, ਕਿਉਂਕਿ ਅਧਿਆਤਮਕ ਵਿਚਾਰਧਾਰਾ ਮੁਤਾਬਿਕ ਇਸ ਦੁਨੀਆਂ ਵਿਚਲੇ ਕਰਮਾਂ ਨੇ ਹੀ ਅਗਲੇ ਜੀਵਨ ਵਿਚਲੇ ਕਰਮਾਂ ਲਈ ਆਧਾਰ ਬਣਨਾ ਹੈ ਅਤੇ ਪੱਤ ਦੇ ਰਾਖੇ ਦੀਆਂ ਕਰੜੀਆਂ ਕਰਜ਼ਾ ਸ਼ਰਤਾਂ ਤੋਂ ਮੁਨਕਰ ਹੋਣਾ, ਆਪਣੇ ਆਪ ਹੀ ਗੁਰੂ ਦੀਆਂ ਨਜ਼ਰਾਂ ਵਿਚੋਂ ਗਿਰ ਜਾਣ ਦਾ ਸਬੱਬ ਬਣ ਸਕਦਾ ਹੈ।

ਸੰਤ ਸਿੰਘ ਸੇਖੋਂ ਦੀਆਂ ਕਹਾਣੀਆਂ ਵਿਚ ਕਿਸਾਨੀ ਤੇ ਸ਼ਾਹੂਕਾਰ ਦਾ ਰਿਸ਼ਤਾ ਦੋ ਪੱਧਰਾਂ ’ਤੇ ਪੇਸ਼ ਹੋਇਆ ਹੈ। ਇਕ ਪਾਸੇ ਕਿਸਾਨੀ ਦਾ ਉਹ ਵਰਗ ਹੈ ਜਿਸ ਦੀ ਮਾਨਸਿਕਤਾ ਪਰੰਪਰਾਗਤ ਕਦਰਾਂ-ਕੀਮਤਾਂ ਮੁਤਾਬਿਕ ਢਲੀ ਹੋਈ ਹੈ। ਇਹ ਵਰਗ ਸ਼ਾਹੂਕਾਰਾਂ ਦੁਆਰਾ ਕੀਤੀ ਜੀ ਰਹੀ ਲੁੱਟ ਪ੍ਰਤਿ ਸੁਚੇਤ ਨਹੀਂ, ਸਗੋਂ ਕਰਜ਼ੇ ਦੀਆਂ ਜ਼ਰੂਰਤਾਂ ਦੀ ਪੂਰਤੀ ਕਰਨ ਕਰਕੇ ਸ਼ਾਹੂਕਾਰਾਂ ਦਾ ਅਹਿਸਾਨਮੰਦ ਹੈ। ਇਨ੍ਹਾਂ ਲਈ ਸੱਚ ਹੀ ਸ਼ਾਹੂਕਾਰ ਪੱਤ ਦਾ ਰਾਖਾ ਹੈ। ਕਿਸਾਨੀ ਦੀ ਪੁਰਾਣੀ ਪੀੜ੍ਹੀ ਇਸੇ ਮਾਨਸਿਕਤਾ ਦੀ ਧਾਰਨੀ ਹੈ, ਜਦਕਿ ਨਵੀਂ ਪੀੜ੍ਹੀ ਵਿਦਿਆ ਗ੍ਰਹਿਣ ਕਰਕੇ ਇਸ ਲੁੱਟ ਪ੍ਰਤਿ ਸੁਚੇਤ ਹੋ ਰਹੀ ਹੈ ਤੇ ਇਸ ਕਰਕੇ ਸ਼ਾਹੂਕਾਰਾਂ ਦੀ ਲੁੱਟ ਬਾਰੇ ਕਿੰਤੂ-ਪ੍ਰੰਤੂ ਵੀ ਕਰਦੀ ਹੈ। ਕਿਸਾਨੀ ਦੀਆਂ ਦੋ ਪੀੜ੍ਹੀਆਂ ਵਿਚਲਾ ਮਾਨਸਿਕ ਅੰਤਰ ਆਪਸੀ ਟਕਰਾਅ ਤੇ ਕਲੇਸ਼ ਦਾ ਕਾਰਣ ਵੀ ਬਣਦਾ ਹੈ। ‘ਏਹ ਨਿਦੋਸਾ ਮਾਰੀਐ’ ਦਾ ਇੰਦਰ ਸਿੰਘ ਪਰੰਪਰਾਗਤ ਮਾਨਸਿਕਤਾ ਦਾ ਧਾਰਨੀ ਹੈ ਤੇ ਉਹ ਚਾਹੁੰਦਾ ਹੈ ਕਿ ਉਸਦਾ ਪੜ੍ਹਿਆ-ਲਿਖਿਆ ਤੇ ਰੁਜ਼ਗਾਰ ’ਤੇ ਲੱਗਾ ਪੁੱਤਰ ਸ਼ਾਹੂਕਾਰ ਦਾ ਕਰਜ਼ਾ ਚੁਕਾਉਣ ਦੀ ਜ਼ਿੰਮੇਵਾਰੀ ਚੁੱਕ ਲਵੇ ਤਾਂ ਕਿ ਉਹ ਦੋਹਾਂ ਜਹਾਨਾਂ ਤੋਂ ਸੁਰਖ਼ਰੂ ਹੋ ਸਕੇ। ਪੜ੍ਹਿਆ-ਲਿਖਿਆ ਜਸਵੰਤ ਸਿੰਘ ਭਾਵੇਂ ਕਰਜ਼ਾ ਚੁਕਾਉਣ ਲਈ ਤਿਆਰ ਹੈ, ਪਰ ਉਹ ਸ਼ਾਹੂਕਾਰ ਨਾਲ ਸੌਦੇਬਾਜ਼ੀ ਕਰਕੇ ਕਰਜ਼ਾ ਘਟਾਉਣਾ ਚਾਹੁੰਦਾ ਹੈ। ਇੰਦਰ ਸਿੰਘ ਨੂੰ ਇਹ ਸੌਦੇਬਾਜ਼ੀ ਸ਼ਾਹੂਕਾਰ ਦੇ ਅਹਿਸਾਨਾਂ ਤੋਂ ਮੂੰਹ ਮੋੜਨ ਦੇ ਤੁਲ ਪ੍ਰਤੀਤ ਹੁੰਦੀ ਹੈ। ਦੋਹਾਂ ਦੀ ਸੋਚ ਵਿਚਲਾ ਇਹ ਅੰਤਰ ਹੀ ਪਿਉ-ਪੁੱਤ ਵਿਚਕਾਰ ਕਲੇਸ਼ ਦਾ ਕਾਰਣ ਬਣਦਾ ਹੈ। ਇੰਦਰ ਸਿੰਘ ਨੂੰ ਸ਼ਾਹੂਕਾਰ ਦੀ ਨਰਾਜ਼ਗੀ ਦੇਵਤਿਆਂ ਦੀ ਨਰਾਜ਼ਗੀ ਸਹੇੜਨ ਦੇ ਬਰਾਬਰ ਪ੍ਰਤੀਤ ਹੁੰਦੀ ਹੈ।[20]

ਜਦਕਿ ਜਸਵੰਤ ਸਿੰਘ ਨੂੰ ਪਤਾ ਹੈ ਕਿ ਵੇਲੇ ਦਾ ਕਾਨੂੰਨ ਵੀ ਕਿਸਾਨ ਪੱਖੀ ਹੈ[21] ਇਸ ਲਈ ਉਹ ਨਵੇਂ ਕਾਨੂੰਨ ਦੇ ਦਬਾਅ ਹੇਠ ਸ਼ਾਹੂਕਾਰ ਤੋਂ ਰਿਆਇਤਾਂ ਹਾਸਿਲ ਕਰਨੀਆਂ ਚਾਹੁੰਦਾ ਹੈ।

ਸੇਖੋਂ ਨੇ ਆਪਣੀ ਇਸ ਕਹਾਣੀ ਦਾ ਸਿਰਲੇਖ ਗੁਰਬਾਣੀ ਵਿਚੋਂ ਲਿਆ ਹੈ। ਗੁਰਬਾਣੀ ਦੀ ਇਹ ਤੁਕ ਚੰਗੇ ਕੰਮ ਨਾ ਕੀਤੇ ਹੋਣ ਦੀ ਸੂਰਤ ਵਿਚ ਮੌਤ ਤੋਂ ਬਾਅਦ ਮਿਲਣ ਵਾਲੀ ਸਜ਼ਾ ਦਾ ਡਰਾਵਾ ਦੇ ਕੇ ਵਿਅਕਤੀ ਨੂੰ ਚੰਗੇ ਕੰਮਾਂ ਵੱਲ ਪ੍ਰੇਰਣ ਦੇ ਵਿਸ਼ੇ ਉੱਪਰ ਆਧਾਰਿਤ ਹੈ। ਸੰਤ ਸਿੰਘ ਸੇਖੋਂ ਇਸ ਰਾਹੀਂ ਇਕ ਸੂਖ਼ਮ ਵਿਅੰਗ ਸਿਰਜਦਾ ਹੋਇਆ ਸਿੱਧ ਕਰਨ ਦਾ ਯਤਨ ਕਰਦਾ ਹੈ ਕਿ ਤਾਕਤਵਰ ਧਿਰਾਂ ਨੇ ਗੁਰਬਾਣੀ ਵਰਗੀ ਪਵਿੱਤਰ ਵਿਚਾਰਧਾਰਾ ਨੂੰ ਸ਼ੋਸ਼ਿਤ ਧਿਰਾਂ ਦੀ ਮਾਨਸਿਕਤਾ ਵਿਚ ਇਸ ਕਦਰ ਵਸਾ ਦਿੱਤਾ ਹੈ ਕਿ ਉਹ ਬਿਨਾਂ ਕੋਈ ਗੁਨਾਹ ਕੀਤੇ ਵੀ ਗੁਨਾਹ ਦੇ ਅਹਿਸਾਸ ਥੱਲੇ ਦੱਬੀਆਂ ਹੋਈਆਂ ਹਨ ਜਦਕਿ ਉੱਪਰਲੀਆਂ ਧਿਰਾਂ ਅੰਨ੍ਹੀ ਲੁੱਟ ਕਰਕੇ ਵੀ ਆਪਣੇ ਅੰਜਾਮ ਤੋਂ ਪੂਰੀ ਤਰ੍ਹਾਂ ਨਿਸ਼ਚਿੰਤ ਤੇ ਬੇ-ਖ਼ੌਫ਼ ਹੇਠਲੀਆਂ ਧਿਰਾਂ ਦੀ ਲੁੱਟ ਵਿਚ ਮਸਰੂਫ਼ ਹਨ ਤੇ ਉਹ ਵੀ ਬਿਨਾਂ ਕਿਸੇ ਭੈਅ ਤੋਂ।

ਇਸੇ ਤਰ੍ਹਾਂ 'ਲੇਖੇ ਛੋਡਹਿ ਅਲੇਖੇ ਛੂਟਹਿ' ਦਾ ਰਮਜ਼ਾਨ ਵੀ ਸ਼ਾਹੂਕਾਰ ਦੇ ਅਹਿਸਾਨਾਂ ਥੱਲੇ ਦੱਬਿਆ ਹੋਇਆ ਹੈ ਕਿਉਂਕਿ ਉਸਨੇ ਰਮਜ਼ਾਨ ਨੂੰ ਭਾਈਚਾਰੇ ਵਿਚ ਨਸ਼ਰ ਕੀਤੇ ਬਿਨਾਂ ਪੁੱਤਰ ਦੀਆਂ ਸੁੰਨਤਾਂ ਵਾਸਤੇ ਕਰਜ਼ਾ ਦੇ ਦਿੱਤਾ ਸੀ, ਹਾਲਾਂਕਿ ਉਹ ਪੰਜਾਹ ਰੁਪਏ ਦਾ ਕਰਜ਼ਾ ਆਪਣੇ ਪੁੱਤਰ ਦੇ ਵਿਆਹ ਤੱਕ ਪਹੁੰਚਦਿਆਂ ਉਤਾਰਣ ਦੇ ਸਮਰੱਥ ਨਹੀਂ ਸੀ ਹੋ ਸਕਿਆ ਤੇ ਇਨ੍ਹਾਂ ਪੰਦਰਾਂ ਸਾਲਾਂ ਵਿਚ ਇਹ ਕਰਜ਼ਾ 1500 ਰੁਪਏ ਤੱਕ ਪਹੁੰਚ ਗਿਆ ਸੀ। ਰਮਜ਼ਾਨ ਨੂੰ ਸ਼ਾਹੂਕਾਰ ਦਾ ਕਰੜਾ ਵਿਆਜ ਚੁਭਦਾ ਹੈ ਪਰ ਇਸ ਕਰੜੇ ਵਿਆਜ ਲਈ ਜੋ ਤਰਕ ਸ਼ਾਹੂਕਾਰ ਮਹਿੰਗਾ ਸਿੰਘ ਰਮਜ਼ਾਨ ਨੂੰ ਦੇਂਦਾ ਹੈ, ਉਹ ਵੀ ਸ਼ਾਹੂਕਾਰ ਦੀ ਚਲਾਕੀ ਨੂੰ ਹੀ ਉਜਾਗਰ ਕਰਦਾ ਹੈ, "ਅਸੀਂ ਸੂਦ ਦੀ ਸ਼ਰਤ ਏਨੀ ਵੱਧ ਤਾਂ ਤੁਹਾਡੇ ਚੰਗੇ ਵਾਸਤੇ ਲਗਾਨੇ ਆਂ, ਤਾਂ ਜੋ ਤੁਸੀਂ ਜਲਦੀ ਇਹ ਕਰਜ਼ਾ ਮੋੜ ਦਿਓ।"[22] ਲੇਖਕ ਨੇ ਸ਼ਾਹੂਕਾਰ ਦੇ ਕਰਜ਼ੇ ਦੀ ਤੁਲਨਾ ਅਮਰਵੇਲ ਨਾਲ ਕੀਤੀ ਹੈ, ਜੋ ਜਿਸ ਦਰਖ਼ਤ ਦੇ ਆਸਰੇ ਵਧਦੀ-ਫੁਲਦੀ ਹੈ ਅੰਤ ਉਸੇ ਨੂੰ ਹੀ ਚਟਮ ਕਰ ਜਾਂਦੀ ਹੈ।[23] ਸ਼ਾਹੂਕਾਰ ਦੀ

ਇਸ ਲੁੱਟ ਦੇ ਬਾਵਜੂਦ ਰਮਜ਼ਾਨ ਉਸਦੇ ਕਰਜ਼ੇ ਦੇ ਨਾਲ-ਨਾਲ ਉਸਦੇ ਅਹਿਸਾਨ ਥੱਲੇ ਵੀ ਦੱਬਿਆ ਹੋਇਆ ਮਹਿਸੂਸ ਕਰਦਾ ਹੈ ਕਿ ਪਿਛਲੇ ਪੰਦਰਾਂ ਸਾਲਾਂ ਵਿਚ ਉਸਦੇ ਕਰਜ਼ਾਈ ਹੋਣ ਦਾ ਭੇਤ ਭਾਈਚਾਰੇ ਤੋਂ ਛੁਪਿਆ ਹੋਇਆ ਹੈ, ਅਜਿਹਾ ਨਾ ਹੋਣ ਦੀ ਸੂਰਤ ਵਿਚ ਉਸਦੇ ਲੜਕੇ ਦਾ ਤੈਅ ਹੋ ਚੁੱਕਾ ਰਿਸ਼ਤਾ ਟੁੱਟ ਜਾਣ ਦੀ ਸੰਭਾਵਨਾ ਹੋ ਸਕਦੀ ਹੈ। ਪਰ ਉਹ ਨਿਰੰਤਰ ਸ਼ਾਹੂਕਾਰ ਦੇ ਵਧਦੇ ਕਰਜ਼ੇ ਦਾ ਅਸਹਿ ਬੋਝ ਆਪਣੀ ਗਰਦਨ ’ਤੇ ਮਹਿਸੂਸ ਕਰਦਾ ਹੈ। ਭਾਵੇਂ ਕਹਾਣੀ ਦੇ ਅੰਤ ਵਿਚ ਉਹ ਮਹਿੰਗਾ ਸਿੰਘ ਦੇ ਪੁੱਤਰ ਦੀ ਮਦਦ ਨਾਲ ਇਕ ਸੱਜਰ ਸੂਈ ਮੱਝ ਦੇ ਕੇ ਕਰਜ਼ੇ ’ਤੇ ਲਕੀਰ ਮਰਵਾਉਣ ਵਿਚ ਸਫ਼ਲ ਹੋ ਜਾਂਦਾ ਹੈ। ਪਰ ਇਸਦੇ ਬਾਵਜੂਦ ਉਸਦੀਆਂ ਕਰਜ਼ਾ ਲੈਣ ਦੀਆਂ ਜ਼ਰੂਰਤਾਂ ਆਪਣੀ ਥਾਂ ’ਤੇ ਕਾਇਮ ਰਹਿੰਦੀਆਂ ਹਨ ਤੇ ਕਹਾਣੀ ਦੇ ਅੰਤ ਵਿਚ ਜਦੋਂ ਮਹਿੰਗਾ ਸਿੰਘ ਦਾ ਅੰਮ੍ਰਿਤਸਰ ਕਾਲਜ ਵਿਚ ਪੜ੍ਹਦਾ ਪੁੱਤਰ ਰਮਜ਼ਾਨ ਨੂੰ ਉਸਦੇ ਪੁੱਤਰ ਜਲਾਲ ਦੇ ਵਿਆਹ ਲਈ ਹੋਰ ਕਰਜ਼ਾ ਨਾ ਚੁੱਕਣ ਲਈ ਕਹਿੰਦਾ ਹੈ ਤਾਂ ਰਮਜ਼ਾਨ ਦਾ ਇਹ ਕਹਿਣਾ ਕਿ ‘ਹੋਰ ਕੇ ਕਰਸਾਂ, ਸਰਕਾਰ?’[24] ਕਿਸਾਨੀ ਦੀ ਨਿਰੰਤਰ ਮੰਦੀ ਹੋ ਰਹੀ ਆਰਥਕ ਹਾਲਤ ਵੱਲ ਇਸ਼ਾਰਾ ਕਰਦਾ ਹੈ।

ਵੀਹਵੀਂ ਸਦੀ ਦੇ ਮੁੱਢਲੇ ਦਹਾਕਿਆਂ ਵਿਚ ਅੰਗਰੇਜ਼ ਸਾਮਰਾਜ ਦੇ ਯਤਨਾਂ ਨਾਲ ਬਾਰਾਂ ਆਬਾਦ ਕੀਤੀਆਂ ਗਈਆਂ ਸਨ। ਸਿੰਜਾਈ ਸਹੂਲਤਾਂ ਵਿਚ ਵਾਧਾ ਕੀਤਾ ਗਿਆ ਸੀ, ਇਸ ਨਾਲ ਖੇਤੀ ਦੀ ਉਪਜ ਵਿਚ ਵਾਧਾ ਹੋਇਆ ਪਰ ਖੇਤੀ ਉਪਜ ਦੀਆਂ ਘੱਟ ਕੀਮਤਾਂ, ਨਾਕਸ ਮੰਡੀ ਪ੍ਰਬੰਧ ਤੇ ਸ਼ਾਹੂਕਾਰਾਂ ਦੀ ਲੁੱਟ ਕਰਕੇ ਕਿਸਾਨੀ ਦੇ ਕਰਜ਼ਾਈ ਹੋਣ ਦਾ ਅਮਲ ਨਿਰੰਤਰ ਉਚਾਣ ਵਾਲੇ ਪਾਸੇ ਜਾਰੀ ਸੀ। ਇਸ ਨਾਲ ਸ਼ਾਹੂਕਾਰਾਂ ਦੀ ਦੌਲਤ ਨਿਰੰਤਰ ਵਧ ਰਹੀ ਸੀ ਤੇ ਕਿਸਾਨੀ ਦੀਆਂ ਜ਼ਮੀਨਾਂ ਕਰਜ਼ੇ ਦੇ ਇਵਜ਼ ਵਿਚ ਸ਼ਾਹੂਕਾਰਾਂ ਦੀ ਮਲਕੀਅਤ ਬਣਦੀਆਂ ਜਾ ਰਹੀਆਂ ਸਨ। ਕਿਸਾਨੀ ਲਈ ਜ਼ਮੀਨ ਸਿਰਫ਼ ਉਸਦੇ ਸਮਾਜਕ ਰੁਤਬੇ ਜਾਂ ਆਰਥਕ ਸੁਰੱਖਿਆ ਦਾ ਹੀ ਸਾਧਨ ਮਾਤਰ ਨਹੀਂ ਸੀ, ਸਗੋਂ ਉਸਦੀ ਹੋਂਦ ਦਾ ਵੀ ਹਿੱਸਾ ਸੀ। ਜ਼ਮੀਨ ਦੀ ਮਾਲਕੀ ਤੋਂ ਬਿਨਾਂ ਕਿਸਾਨੀ ਆਪਣੀ ਹੋਂਦ ਦਾ ਤਸੱਵਰ ਵੀ ਨਹੀਂ ਕਰ ਸਕਦੀ। ਇਸ ਲਈ ਇਹ ਵਰਤਾਰਾ ਕਿਸਾਨੀ ਵਿਚ ਨਿਰੰਤਰ ਬੇਚੈਨੀ ਪੈਦਾ ਕਰ ਰਿਹਾ ਸੀ ਤੇ ਇਹ ਬੇਚੈਨੀ ਸ਼ਾਹੂਕਾਰਾਂ ਤੇ ਸਾਮਰਾਜ ਵਿਰੁੱਧ ਰੋਹ ਦਾ ਸਬੱਬ ਵੀ ਬਣ

ਸਕਦੀ ਸੀ, ਜੋ ਕਿ ਸਾਮਰਾਜ ਨੂੰ ਕਿਸੇ ਵੀ ਤਰ੍ਹਾਂ ਮਨਜ਼ੂਰ ਨਹੀਂ ਸੀ, ਕਿਉਂਕਿ ਬਸਤੀਵਾਦੀ ਪ੍ਰਬੰਧ ਦੀ ਸਲਾਮਤੀ ਫ਼ੌਜ ਦੇ ਸਿਰ 'ਤੇ ਹੀ ਟਿਕੀ ਹੁੰਦੀ ਹੈ ਤੇ ਪੰਜਾਬ ਦੀ ਕਿਸਾਨੀ ਫ਼ੌਜੀ ਭਰਤੀ ਲਈ ਸਾਮਰਾਜ ਲਈ ਵੱਡੀ ਰੱਖ ਸੀ। ਇਸ ਲਈ ਕਿਸਾਨੀ ਵਿਚਲੀ ਇਸ ਬੇਚੈਨੀ ਪ੍ਰਤਿ ਸਾਮਰਾਜ ਪੂਰੀ ਤਰ੍ਹਾਂ ਸੁਚੇਤ ਸੀ। ਦੂਸਰੇ ਪਾਸੇ ਸ਼ਾਹੂਕਾਰ ਸ਼੍ਰੇਣੀ ਦੇ ਸਰਮਾਏ ਵਿਚ ਨਿਰੰਤਰ ਵਾਧਾ ਹੋ ਰਿਹਾ ਸੀ ਤੇ ਇਹ ਸ਼੍ਰੇਣੀ ਕਾਂਗਰਸ ਦੇ ਰੂਪ ਵਿਚ ਜਥੇਬੰਦ ਵੀ ਹੋ ਰਹੀ ਸੀ। ਸਾਮਰਾਜ ਲਈ ਇਸ ਸ਼੍ਰੇਣੀ ਦਾ ਕੋਈ ਵਿਸ਼ੇਸ਼ ਮਹੱਤਵ ਨਹੀਂ ਸੀ। ਇਸ ਲਈ ਇਸ ਵਰਗ ਦੇ ਨਿਰੰਤਰ ਵਧਦੇ ਸਰਮਾਏ 'ਤੇ ਰੋਕ ਲਾਉਣ ਤੇ ਕਿਸਾਨੀ ਨੂੰ ਕੋਈ ਨਾ ਕੋਈ ਰਾਹਤ ਦੇਣ ਦੀ ਜ਼ਰੂਰਤ ਮਹਿਸੂਸ ਹੋ ਰਹੀ ਸੀ।

ਉਪਰੋਕਤ ਮੰਤਵ ਦੀ ਪ੍ਰਾਪਤੀ ਲਈ ਸਾਮਰਾਜ ਨੇ ਆਪਣੇ ਕਾਨੂੰਨ ਵਿਚ ਸੋਧ ਕਰਕੇ ਇੱਥੋਂ ਦੀ ਆਬਾਦੀ ਨੂੰ ਕਾਸ਼ਤਕਾਰ ਤੇ ਗ਼ੈਰ-ਕਾਸ਼ਤਕਾਰ ਧਿਰਾਂ ਵਿਚ ਵੰਡ ਦਿੱਤਾ ਤੇ ਗ਼ੈਰ-ਕਾਸ਼ਤਕਾਰਾਂ ਉੱਪਰ ਖੇਤੀਬਾੜੀ ਨਾਲ ਸੰਬੰਧਿਤ ਜ਼ਮੀਨ ਖ਼ਰੀਦਣ ਉੱਪਰ ਪਾਬੰਦੀ ਲਾ ਦਿੱਤੀ। ਗ਼ੈਰ-ਕਾਸ਼ਤਕਾਰ ਧਿਰਾਂ ਸਰਕਾਰੀ ਜ਼ਮੀਨ ਤਾਂ ਖ਼ਰੀਦ ਸਕਦੀਆਂ ਸਨ, ਪਰ ਕਿਸਾਨੀ ਦੀ ਨਹੀਂ ਤੇ ਨਾ ਹੀ ਕਰਜ਼ੇ ਦੇ ਇਵਜ਼ ਵਿਚ ਗਹਿਣੇ ਪਈ ਜ਼ਮੀਨ, ਖੇਤੀ ਨਾਲ ਸੰਬੰਧਿਤ ਸੰਦ ਤੇ ਪਸ਼ੂ ਆਦਿ ਹੀ ਕੁਰਕ ਕੀਤੇ ਜਾ ਸਕਦੇ ਸਨ।[25] ਇਸ ਕਾਨੂੰਨ ਦੇ ਬਣਨ ਨਾਲ ਵਕਤੀ ਤੌਰ 'ਤੇ ਤਾਂ ਕਿਸਾਨੀ ਨੂੰ ਕੁਝ ਰਾਹਤ ਜ਼ਰੂਰ ਮਿਲੀ ਤੇ ਸ਼ਾਹੂਕਾਰਾਂ ਦੀ ਲੁੱਟ ਤੇ ਵੀ ਰੋਕ ਲੱਗੀ, ਪਰ ਕਿਸਾਨੀ ਦੀ ਆਰਥਕ ਹਾਲਤ ਸੁਧਾਰਣ ਲਈ ਕੋਈ ਜ਼ਰੂਰੀ ਕਦਮ ਨਾ ਚੁੱਕੇ ਗਏ ਤੇ ਉਸਦੀਆਂ ਕਰਜ਼ੇ ਦੀਆਂ ਜ਼ਰੂਰਤਾਂ ਆਪਣੀ ਜਗ੍ਹਾ 'ਤੇ ਕਾਇਮ ਰਹੀਆਂ। ਇਸ ਕਾਨੂੰਨ ਦੇ ਡਰ ਕਰ ਕੇ ਸ਼ਾਹੂਕਾਰਾਂ ਨੇ ਕਿਸਾਨੀ ਨੂੰ ਕਰਜ਼ਾ ਦੇਣ ਤੋਂ ਕਿਨਾਰਾ ਕਰ ਲਿਆ ਤੇ ਆਪਣੇ ਕਰਜ਼ੇ ਦੀ ਵਸੂਲੀ ਲਈ ਅਦਾਲਤਾਂ ਤੱਕ ਪਹੁੰਚ ਕਰਨ ਲੱਗੇ ਤੇ ਕਿਸਾਨੀ ਵੀ ਇਸ ਕਾਨੂੰਨ ਦਾ ਸਹਾਰਾ ਲੈ ਕੇ ਕਰਜ਼ਾ ਦੇਣ ਤੋਂ ਮੁਨਕਰ ਹੋਣ ਲੱਗੀ। 'ਕੀਟਾਂ ਅੰਦਰ ਕੀਟ' ਕਹਾਣੀ ਵਿਚ ਜਦੋਂ ਨਿਹਾਲਾ ਦੁੱਲੇ ਤੋਂ ਕਰਜ਼ਾ ਵਸੂਲਣ ਲਈ ਅਦਾਲਤ ਵਿਚ ਜਾਂਦਾ ਹੈ ਤਾਂ ਦੁੱਲਾ ਵੀ ਨੰਬਰਦਾਰ ਤੇਜਾ ਸਿੰਘ ਦੀ ਹੱਲਾਸ਼ੇਰੀ ਨਾਲ ਹੌਸਲੇ ਵਿਚ ਆ ਜਾਂਦਾ ਹੈ। ਜੇ ਨਿਹਾਲੇ ਦਾ ਰੁਪਿਆ ਦੁੱਲੇ ਦੇ ਸਿਰ ਪੈ ਗਿਆ, ਤਾਂ ਉਹ ਮੁੱਛਾਂ ਮੁਨਾ ਦੇਵੇਗਾ।[26]

ਸੇਖੋਂ ਦੀਆਂ ਕਹਾਣੀਆਂ ਵਿਚ ਇਸ ਸੰਬੰਧੀ ਇਕ ਦਿਲਚਸਪ ਤੱਥ ਉਜਾਗਰ ਹੁੰਦਾ ਹੈ ਕਿ ਇਸ ਕਾਨੂੰਨ ਦੇ ਬਣ ਜਾਣ ਨਾਲ ਕਿਸਾਨੀ ਕਿਤੇ ਵੀ ਅਦਾਲਤ ਵਿਚ ਜਾਣ ਲਈ ਪਹਿਲ ਨਹੀਂ ਕਰਦੀ। 'ਲੇਖੇ ਛੋਡ ਅਲੇਖੇ ਛੂਟਹਿ' ਦੇ ਰਮਜ਼ਾਨ ਨੂੰ ਵੀ ਇਸ ਕਾਨੂੰਨ ਬਾਰੇ ਜਾਣਕਾਰੀ ਹੈ ਕਿ, ''ਅੰਗਰੇਜ਼ ਨੇ ਇਕ ਅਜਿਹਾ ਕਾਨੂੰਨ ਬਣਾਇਆ ਹੋਇਆ ਸੀ ਜਿਸਦੇ ਅਧੀਨ ਮਹਿੰਗਾ ਸਿੰਘ ਪੰਦਰਾਂ ਸੌ ਕੀ, ਪੰਦਰਾਂ ਹਜ਼ਾਰ ਕਰ ਲਵੇ, ਉਹ ਉਸਦੀ ਭੋਇੰ ਨਹੀਂ ਸੀ ਖੋਹ ਸਕਦਾ।''[27] ਪਰ ਇਸਦੇ ਬਾਵਜੂਦ ਕਿਸਾਨੀ ਇਸ ਕਾਨੂੰਨ ਦਾ ਸਹਾਰਾ ਨਹੀਂ ਲੈਂਦੀ ਇਕ ਤਾਂ ਇਸ ਕਰਕੇ ਕਿ ਉਸਦੇ ਕਰਜ਼ਾਈ ਹੋਣ ਦਾ ਭਾਈਚਾਰੇ ਵਿਚ ਪਤਾ ਲੱਗ ਜਾਵੇਗਾ ਤੇ ਉਸਦੀ ਸਮਾਜਕ ਤੌਰ 'ਤੇ ਬਦਨਾਮੀ ਤੇ ਉਸਦੇ ਲੜਕੇ ਦਾ ਰਿਸ਼ਤਾ ਟੁੱਟਣ ਦੀ ਵੀ ਸੰਭਾਵਨਾ ਹੋ ਸਕਦੀ ਹੈ।[28] ਦੂਸਰੇ, ਉਸਦੀ ਕਰਜ਼ੇ ਦੀਆਂ ਜ਼ਰੂਰਤਾਂ ਆਪਣੀ ਥਾਂ 'ਤੇ ਕਾਇਮ ਸਨ। ਇਸੇ ਕਰਕੇ ਜਦ ਇਸੇ ਕਹਾਣੀ ਵਿਚ ਕਰਜ਼ੇ 'ਤੇ ਲਕੀਰ ਫਿਰ ਜਾਣ ਤੋਂ ਬਾਅਦ ਜਦੋਂ ਮਹਿੰਗਾ ਸਿੰਘ ਦਾ ਪੁੱਤਰ ਕਰਤਾਰ ਰਮਜ਼ਾਨ ਨੂੰ ਅੱਗੇ ਤੋਂ ਕਰਜ਼ਾ ਨਾ ਲੈਣ ਦੀ ਨਸੀਹਤ ਕਰਦਾ ਹੈ ਤਾਂ ਉਸ ਦੇ ਇਹ ਸ਼ਬਦ ਕਿ 'ਹੋਰ ਕੇ ਕਰਸਾਂ'[29] ਕਿਸਾਨੀ ਦੀ ਕਰਜ਼ਾ ਲੈਣ ਦੀ ਮਜਬੂਰੀ ਨੂੰ ਹੀ ਜ਼ਾਹਰ ਕਰਦੇ ਹਨ ਤੇ ਕਰਜ਼ਾ ਸਿਰਫ਼ ਸ਼ਾਹੂਕਾਰਾਂ ਤੋਂ ਮਿਲ ਸਕਦਾ ਹੈ। ਤੀਸਰਾ ਕਾਰਣ ਕਿਸਾਨੀ ਦੀ ਪਰੰਪਰਾਗਤ ਮਾਨਸਿਕਤਾ ਨਾਲ ਵੀ ਜੁੜਿਆ ਹੋਇਆ ਹੈ। ਇਸ ਦਾ ਸੰਬੰਧ ਮੌਤ ਤੋਂ ਬਾਅਦ ਅਗਲੇ ਜਹਾਨ ਸੁਰਖ਼ਰੂ ਹੋ ਕੇ ਜਾਣ ਦੇ ਫ਼ਲਸਫ਼ੇ ਨਾਲ ਜੁੜਿਆ ਹੋਇਆ ਹੈ। 'ਇਹ ਨਿਦੋਸਾ ਮਾਰੀਐ' ਦੇ ਇੰਦਰ ਲਈ 'ਸ਼ਾਹੂਕਾਰ ਦੇਵਤਾ ਦੇ ਹਥਿਆਰ ਹਨ। ਦੇਵਤੇ ਨੇ ਉਨ੍ਹਾਂ ਰਾਹੀਂ ਉਸਦੀ ਮਦਦ ਕੀਤੀ ਸੀ।[30] ਇਸ ਲਈ ਇੰਦਰ ਸਿੰਘ ਸ਼ਾਹੂਕਾਰ ਨੂੰ ਅਦਾਲਤ ਵਿਚ ਚੈਲੰਜ ਕਰਕੇ ਦੇਵਤੇ ਦੀ ਕਰੋਪੀ ਸਹੇੜਨ ਲਈ ਤਿਆਰ ਨਹੀਂ ਉਹ ਤਾਂ ਜਾਇਦਾਦ ਵੇਚ ਕੇ ਵੀ ਕਰਜ਼ਾ ਉਤਾਰਨ ਲਈ ਤਿਆਰ ਹੈ ਤਾਂ ਕਿ ਪਰਮਾਤਮਾ ਦੀ ਦਰਗਾਹ ਵਿਚ ਉਸਨੂੰ ਸ਼ਰਮਿੰਦਾ ਨਾ ਹੋਣਾ ਪਵੇ।[31]

ਇਸ ਕਾਨੂੰਨ ਦੇ ਹੋਂਦ ਵਿਚ ਆਉਣ ਨਾਲ ਕਿਸਾਨੀ ਤੇ ਸ਼ਾਹੂਕਾਰਾਂ ਦੇ ਆਪਸੀ ਰਿਸ਼ਤਿਆਂ ਵਿਚ ਕੁੜੱਤਣ ਆਉਣੀ ਸੁਭਾਵਿਕ ਸੀ ਅਤੇ ਹੁਣ 'ਸ਼ਾਹ ਬਿਨਾਂ ਪੱਤ ਨਹੀਂ' ਵਰਗੇ ਸਥਾਪਿਤ

ਪ੍ਰਤਿਮਾਨ ਅਦਾਲਤਾਂ ਵਿਚ ਵੰਗਾਰੇ ਜਾਣ ਲੱਗੇ ਸਨ। ਭਾਵੇਂ ਕਿਸਾਨੀ ਨੂੰ ਇਸ ਕਾਨੂੰਨ ਦਾ ਆਸਰਾ ਮਿਲ ਗਿਆ ਸੀ, ਪਰ ਇਸਦੇ ਬਾਵਜੂਦ ਕਿਸਾਨੀ ਦੀ ਹਾਲਤ ਵਿਚ ਕੋਈ ਗੁਣਾਤਮਕ ਫ਼ਰਕ ਨਾ ਪਿਆ, ਜਦਕਿ ਪਰੰਪਰਾਗਤ ਸ਼ਾਹੂਕਾਰਾਂ ਦੇ ਇਸ ਧੰਦੇ ਵਿਚੋਂ ਲਾਂਭੇ ਹੋ ਜਾਣ ਕਰਕੇ ਬਹੁਤ ਸਾਰੇ ਖਾਂਦੇ-ਪੀਂਦੇ ਕਿਸਾਨ ਖ਼ੁਦ ਸ਼ਾਹੂਕਾਰ ਬਣਕੇ ਇਸ ਧੰਦੇ ਵਿਚ ਪ੍ਰਵੇਸ਼ ਕਰਨ ਲੱਗਦੇ ਹਨ। 'ਕੀਟਾਂ ਅੰਦਰ ਕੀਟ' ਵਿਚ ਜਦੋਂ ਨਿਹਾਲੇ ਸ਼ਾਹ ਦੁੱਲੇ ਨੂੰ ਕਰਜ਼ਾ ਦੇਣ ਤੋਂ ਇਨਕਾਰ ਕਰ ਦੇਂਦਾ ਹੈ ਤਾਂ ਪਿੰਡ ਦਾ ਖਾਂਦਾ ਪੀਂਦਾ ਕਿਸਾਨ ਲਹਿਣਾ ਸਿੰਘ ਦੁੱਲੇ ਨੂੰ ਕਰਜ਼ਾ ਦੇਣ ਲਈ ਤਿਆਰ ਹੋ ਜਾਂਦਾ ਹੈ। 'ਬਾਬਾ ਜੈਮਲ' ਦਾ ਜੈਮਲ ਵੀ ਪਿੰਡ ਵਿਚ ਸ਼ਾਹੂਕਾਰੇ ਦਾ ਧੰਦਾ ਕਰਦਾ ਹੈ। ਇਸ ਕਾਨੂੰਨ ਦਾ ਇਕ ਘਿਨਾਉਣਾ ਪੱਖ, ਜੋ ਭਾਵੇਂ ਸੇਖੋਂ ਦੀਆਂ ਕਹਾਣੀਆਂ ਵਿਚ ਤਾਂ ਪੇਸ਼ ਨਹੀਂ ਹੋਇਆ; ਇਹ ਵੀ ਸੀ ਕਿ ਬਹੁਤ ਥਾਵਾਂ 'ਤੇ ਸ਼ਾਹੂਕਾਰਾਂ ਤੇ ਕਿਸਾਨੀ ਦੇ ਉਪਰਲੇ ਵਰਗ ਨੇ ਇਕ ਗੱਠਜੋੜ ਕਾਇਮ ਕਰ ਲਿਆ ਸੀ। ਇਸ ਵਿਚ ਬੇਨਾਮੀ ਸਰਮਾਇਆ ਸ਼ਾਹੂਕਾਰ ਦਾ ਲਗਦਾ ਸੀ, ਪਰ ਕਾਰੋਬਾਰ ਕਿਸਾਨ ਦੇ ਨਾਂ 'ਤੇ ਕੀਤਾ ਜਾਂਦਾ ਸੀ। ਇਸ ਦਾ ਹਵਾਲਾ ਸੋਹਣ ਸਿੰਘ ਸੀਤਲ ਦੇ ਨਾਵਲ 'ਜੁੱਗ ਬਦਲ ਗਿਆ' ਵਿਚ ਉਪਲਬਧ ਹੈ ਤੇ ਇਸ ਦੀ ਸੱਚਾਈ ਦਾ ਅੰਦਾਜ਼ਾ ਇਸ ਤੋਂ ਵੀ ਲਗਾਇਆ ਜਾ ਸਕਦਾ ਹੈ ਕਿ ਇਸ ਕਾਨੂੰਨ ਦੇ ਬਣਨ ਪਿੱਛੋਂ ਵੀ ਪੰਜਾਬ ਵਿਚ ਸ਼ਾਹੂਕਾਰਾ ਕਰਨ ਵਾਲੇ ਲੋਕਾਂ ਦੀ ਗਿਣਤੀ ਘਟਣ ਦੀ ਬਜਾਇ ਵਧ ਗਈ ਸੀ ਜੋ ਕਿ ਇਸ ਗੱਠਜੋੜ ਦੀ ਸਚਾਈ ਨੂੰ ਪ੍ਰਮਾਣਿਤ ਕਰਨ ਲਈ ਕਾਫ਼ੀ ਹੈ।[32]

ਸੰਤ ਸਿੰਘ ਸੇਖੋਂ ਦੀਆਂ ਕਹਾਣੀਆਂ ਵਿਚ ਜਿੱਥੇ ਕਿਸਾਨੀ ਦੇ ਕਰਜ਼ਾਈ ਹੋਣ ਤੇ ਸ਼ਾਹੂਕਾਰਾਂ ਨਾਲ ਉਸਦੇ ਸੰਬੰਧਾਂ ਨੂੰ ਚਿਤ੍ਰਿਆ ਗਿਆ ਹੈ, ਉੱਥੇ ਪੱਛਮੀ ਵਿਦਿਆ ਦੇ ਪ੍ਰਭਾਵ ਹੇਠ ਪੈਦਾ ਹੋ ਰਹੇ ਰੁਜ਼ਗਾਰ ਦੇ ਮੌਕਿਆਂ ਤੇ ਇਨ੍ਹਾਂ ਤੱਕ ਪਹੁੰਚ ਲਈ ਕਿਸਾਨੀ ਦੇ ਯਤਨਾਂ ਨੂੰ ਵੀ ਵਿਸ਼ਾ ਬਣਾਇਆ ਗਿਆ ਹੈ। ਵਿਦਿਆ ਕਾਰਣ ਸਿਰਫ਼ ਰੁਜ਼ਗਾਰ ਦੇ ਨਵੇਂ ਮੌਕੇ ਹੀ ਪੈਦਾ ਨਹੀਂ ਸਨ ਹੋ ਰਹੇ, ਸਗੋਂ ਕਿਸਾਨੀ ਆਪਣੀ ਆਰਥਕ ਹਾਲਤ ਪ੍ਰਤਿ ਚੇਤੰਨ ਵੀ ਹੋ ਰਹੀ ਸੀ। ਇਸ ਚੇਤਨਾ ਦਾ ਦੂਸਰਾ ਸਿਰਾ ਆਜ਼ਾਦੀ ਦੇ ਸੰਘਰਸ਼ ਨਾਲ ਵੀ ਜੁੜਿਆ ਹੋਇਆ ਸੀ। ਸੰਤ ਸਿੰਘ ਸੇਖੋਂ ਨੇ ਆਪਣੀਆਂ

ਕੁਝ ਕਹਾਣੀਆਂ ਵਿਚ ਕਿਸਾਨੀ ਵਿਚ ਆ ਰਹੀ ਇਸ ਚੇਤਨਾ ਨੂੰ ਪੇਸ਼ ਕੀਤਾ ਹੈ। ਸੰਤ ਸਿੰਘ ਸੇਖੋਂ ਵਿਚਾਰਧਾਰਕ ਪੱਧਰ ਤੇ ਪ੍ਰਗਤੀਵਾਦੀ ਲਹਿਰ ਦੇ ਪ੍ਰਭਾਵ ਹੇਠ ਖੱਬੇ ਪੱਖੀ ਵਿਚਾਰਧਾਰਾ ਨਾਲ ਪ੍ਰਤਿਬੱਧ ਲੇਖਕ ਸੀ। ਇਸ ਕਰਕੇ ਉਸਦੀਆਂ ਕਹਾਣੀਆਂ ਵਿਚ ਕਿਸਾਨੀ ਉੱਪਰ ਪੈ ਰਹੇ ਪ੍ਰਭਾਵਾਂ ਨੂੰ ਇਸੇ ਵਿਚਾਰਧਾਰਕ ਦ੍ਰਿਸ਼ਟੀ ਤੋਂ ਪੇਸ਼ ਕੀਤਾ ਗਿਆ ਹੈ। ਲੰਮੇ ਸਮੇਂ ਤੋਂ ਕਿਸਾਨੀ ਸਮਾਜ ਅਬਦਲ ਹੀ ਤੁਰਿਆ ਆ ਰਿਹਾ ਸੀ। ਪਰ ਸਾਮਰਾਜ ਦੇ ਪ੍ਰਭਾਵਾਂ ਹੇਠ ਇਸ ਤਬਦੀਲੀਆਂ ਵਾਪਰਣੀਆਂ ਸ਼ੁਰੂ ਹੋਈਆਂ। ਇਹ ਇਨ੍ਹਾਂ ਤਬਦੀਲੀਆਂ ਸਦਕਾ ਕਿਸਾਨੀ ਉੱਪਰ ਅੰਦਰੂਨੀ ਤੇ ਬਾਹਰੀ ਦੋਹਾਂ ਪੱਖਾਂ ਤੋਂ ਪ੍ਰਭਾਵ ਪੈਣੇ ਸ਼ੁਰੂ ਹੋਏ। ਸੇਖੋਂ ਦੀ ਕਹਾਣੀ 'ਆਸ ਦਾ ਜਨਮ' ਵਿਚ ਚੋਣਾਂ ਵਿਚ ਵੋਟ ਦੇਣ ਦੇ ਮਸਲੇ 'ਤੇ ਪਿੰਡ ਦੇ ਸਾਧਾਰਣ ਕਿਸਾਨ ਵੱਡੇ ਜ਼ਿਮੀਂਦਾਰ ਦੇ ਮੁਕਾਬਲੇ 'ਤੇ ਸੋਸ਼ਲਿਸਟ ਪਾਰਟੀ ਦੇ ਉਮੀਦਵਾਰ ਨੂੰ ਜਿਤਾਉਣ ਲਈ ਯਤਨਸ਼ੀਲ ਹੁੰਦੇ ਹਨ, ਕਿਉਂਕਿ ਉਨ੍ਹਾਂ ਨੂੰ ਇਹੀ ਉਮੀਦਵਾਰ ਆਪਣੇ ਹੱਕਾਂ ਦਾ ਰਖਵਾਲਾ ਪ੍ਰਤੀਤ ਹੁੰਦਾ ਹੈ। ਇਸ ਉਮੀਦਵਾਰ ਨੇ ਮੇਰਠ ਸਾਜਿਸ਼ ਕੇਸ ਵਿਚ ਸਜ਼ਾ ਵੀ ਕੱਟੀ ਹੋਈ ਹੈ। ਕਿਸਾਨੀ ਵਿਚ ਆਪਣੇ ਉਮੀਦਵਾਰ ਨੂੰ ਜਿਤਾਉਣ ਲਈ ਇਹਨਾ ਉਤਸ਼ਾਹ ਹੈ ਕਿ ਉਹ ਰਾਜਾ ਸਾਹਿਬ ਵੱਲੋਂ ਭੇਜੀਆਂ ਲਾਰੀਆਂ ਵਿਚ ਬੈਠ ਕੇ ਵੋਟਾਂ ਪਾਉਣ ਜਾਣ ਦੀ ਬਜਾਇ ਪੈਦਲ ਤੁਰ ਕੇ ਵੋਟਾਂ ਪਾਉਣ ਨੂੰ ਤਰਜੀਹ ਦੇਂਦੇ ਹਨ। ਰਾਜਾ ਸਾਹਿਬ ਦੀ ਲਾਰੀ ਵਿਚ ਬੈਠਣ ਤੋਂ ਇਨਕਾਰ ਹੀ ਅਸਲ ਵਿਚ ਸਥਾਪਤੀ ਵਿਰੁੱਧ ਕਿਸਾਨੀ ਵਿਚ ਪੈਦਾ ਹੋ ਰਹੇ ਰੋਹ ਦਾ ਦਾ ਪ੍ਰਤੀਕ ਕਿਹਾ ਜਾ ਸਕਦਾ ਹੈ।

ਇਸ ਕਹਾਣੀ ਮੁਤਾਬਿਕ ਯੂਨੀਅਨਨਿਸਟ ਪਾਰਟੀ ਦੇ ਪ੍ਰਭਾਵ ਹੇਠ ਸਾਮਰਾਜ ਦੁਆਰਾ ਕਿਸਾਨੀ ਦੇ ਹਿਤਾਂ ਦੀ ਰੱਖਿਆ ਲਈ ਕਾਨੂੰਨ ਵੀ ਬਣਾਏ ਜਾ ਰਹੇ ਸਨ ਜੋ ਕਿਸਾਨੀ ਨੂੰ ਸ਼ਾਹੂਕਾਰਾਂ ਦੇ ਕਰਜ਼ਾਈ ਹੋਣ ਤੋਂ ਬਚਾਉਣ ਦੇ ਦਾਅਵੇ ਉੱਪਰ ਆਧਾਰਿਤ ਸਨ। ਇਸ ਕਾਨੂੰਨ ਦੇ ਬਣ ਜਾਣ ਨਾਲ ਸ਼ਾਹੂਕਾਰਾਂ ਦੇ ਹਿਤਾਂ ਨੂੰ ਸੱਟ ਵਜਣੀ ਸੁਭਾਵਿਕ ਸੀ, ਪਰ ਸੇਖੋਂ ਇਸ ਕਾਨੂੰਨ ਪਿੱਛੇ ਕਾਰਜਸ਼ੀਲ ਪ੍ਰਸਥਿਤੀਆਂ ਪ੍ਰਤਿ ਕਿਸਾਨੀ ਨੂੰ ਚੇਤੰਨ ਵਿਖਾਉਂਦਾ ਹੈ, ਕਿਉਂਕਿ ਇਸ ਕਾਨੂੰਨ ਦੇ ਬਣ ਜਾਣ ਨਾਲ ਨਾ ਤਾਂ ਕਿਸਾਨੀ ਦੀ ਆਰਥਕ ਹਾਲਤ ਵਿਚ ਕੋਈ ਪਵਿਰਤਨ ਹੋਣਾ ਸੀ ਤੇ ਨਾ ਹੀ ਉਸਦੀਆਂ

ਕਰਜ਼ਾ ਲੈਣ ਦੀਆਂ ਜ਼ਰੂਰਤਾਂ ਹੀ ਘਟਣੀਆਂ ਸਨ, ਸਿਰਫ਼ ਸ਼ਾਹੂਕਾਰਾ ਧਿਰ ਹੀ ਤਬਦੀਲ ਹੋ ਕੇ ਉਸਦੀ ਥਾਂ ਧਨੀ ਕਿਸਾਨੀ ਨੇ ਲੈ ਲੈਣੀ ਸੀ। ਇਸ ਕਰਕੇ ਵੋਟਾਂ ਵਿਚ ਕਿਸਾਨੀ ਧਨੀ ਕਿਸਾਨੀ ਦੇ ਇਸ ਵਰਗ ਦੇ ਉਮੀਦਵਾਰ ਦਾ ਵਿਰੋਧ ਕਰਦੀ ਹੈ, ਜਦਕਿ ਸ਼ਾਹੂਕਾਰ ਅਜੇ ਵੀ ਸਾਮਰਾਜ ਤੇ ਉਪਰਲੀ ਧਿਰ ਦੇ ਨਾਲ ਹੀ ਖੜੇ ਨਜ਼ਰ ਆਉਂਦੇ ਹਨ ਤੇ ਉਨ੍ਹਾਂ ਨੂੰ ਕਿਸਾਨੀ ਦੀ ਇਹ ਏਕਤਾ ਸਾਮਰਾਜ ਜਾਂ ਉਪਰਲੀਆਂ ਧਿਰਾਂ ਲਈ ਕੋਈ ਖ਼ਤਰਾ ਮਹਿਸੂਸ ਹੋਣ ਦੀ ਥਾਂ ਮਹਿਜ਼ ਮਜ਼ਾਕ ਪ੍ਰਤੀਤ ਹੁੰਦੀ ਹੈ, "ਓਏ ਛੱਡੋ, ਚੋਣਾਂ ਲਈ ਫਿਰਦੇ ਨੇ . . . ਅੰਗਰੇਜ਼ ਐਡਾ ਕੂਲਾ ਨਹੀਂ ਜਿੱਡਾ ਤੁਸੀਂ ਸਮਝਿਆ ਏ।"[33]

ਕਿਸੇ ਵੀ ਲੇਖਕ ਦੀ ਰਚਨਾ ਦਾ ਵਿਵੇਕ ਉਸਦੀ ਰਚਨਾ-ਦ੍ਰਿਸ਼ਟੀ ਵਿਚ ਨਿਹਿਤ ਹੁੰਦਾ ਹੈ। ਰਚਨਾ-ਦ੍ਰਿਸ਼ਟੀ ਪਿੱਛੇ ਕਾਰਜਸ਼ੀਲ ਵਿਚਾਰਧਾਰਕ ਆਧਾਰ ਉਸ ਲੇਖਕ ਦੀ ਰਚਨਾ ਦਾ ਬੁਨਿਆਦੀ ਧੁਰਾ ਹੁੰਦਾ ਹੈ। ਇਸ ਪੱਖੋਂ ਵੇਖਿਆਂ ਸੰਤ ਸਿੰਘ ਸੇਖੋਂ ਦੀ ਸੋਚ ਅਤੇ ਲਿਖਤ ਦਾ ਆਧਾਰ ਮਾਰਕਸਵਾਦੀ ਵਿਚਾਰਧਾਰਾ ਰਿਹਾ ਹੈ। ਉਸਦਾ ਸੰਬੰਧ ਇਸ ਵਿਚਾਰਧਾਰਾ ਨਾਲ ਸੰਬੰਧਿਤ ਕਮਿਊਨਿਸਟ ਪਾਰਟੀਆਂ ਨਾਲ ਵੀ ਰਿਹਾ ਹੈ। ਸਾਹਿਤਕ ਸ਼ਬਦਾਵਲੀ ਵਿਚ ਕਿਹਾ ਜਾ ਸਕਦਾ ਹੈ ਕਿ ਸੇਖੋਂ ਪ੍ਰਗਤੀਵਾਦੀ-ਯਥਾਰਥਵਾਦੀ ਵਿਚਾਰਧਾਰਾ ਨਾਲ ਸੰਬੰਧਿਤ ਲੇਖਕ ਹੈ ਅਤੇ ਉਹ ਜਮਾਤੀ ਵੰਡ ਵਾਲੇ ਸਮਾਜ ਵਿਚ ਸ਼ੋਸ਼ਿਤ ਧਿਰਾਂ ਦੀ ਜਿੱਤ ਦਾ ਚਾਹਵਾਨ ਹੈ ਤੇ ਇਸ ਮਕਸਦ ਦੀ ਪੂਰਤੀ ਲਈ ਉਹ ਆਪਣੀਆਂ ਕਹਾਣੀਆਂ ਵਿਚ ਅਜਿਹੇ ਪ੍ਰਤਿਮਾਨ ਸਿਰਜਦਾ ਹੈ ਜਿਨ੍ਹਾਂ ਵਿਚ ਦੱਬੀਆਂ-ਕੁਚਲੀਆਂ ਧਿਰਾਂ ਆਪਣੇ ਹੱਕਾਂ ਪ੍ਰਤਿ ਸੁਚੇਤ ਹੋ ਕੇ ਆਪਣੀ ਆਜ਼ਾਦੀ ਲਈ ਯਤਨਸ਼ੀਲ ਹੁੰਦੀਆਂ ਹਨ। ਇਸੇ ਕਰਕੇ ਸੰਤ ਸਿੰਘ ਸੇਖੋਂ ਦੀਆਂ ਕਹਾਣੀਆਂ ਵਿਚ ਸ਼ੋਸ਼ਿਤ ਧਿਰਾਂ ਦੇ ਜੀਵਨ ਨੂੰ ਸਹਾਨਾਭੂਤੀ ਨਾਲ ਚਿਤ੍ਰਿਆ ਗਿਆ ਹੈ, "ਵਿਸ਼ੈ ਦੀ ਚੋਣ ਕਰਨ ਲੱਗਿਆਂ ਉਹ ਸਮਾਜ ਵਿਚ ਹੋ ਰਹੇ ਸ਼੍ਰੇਣਿਕ ਘੋਲ ਨੂੰ ਕਦੇ ਅੱਖੋਂ ਓਹਲੇ ਨਹੀਂ ਕਰਦਾ। ਨੀਵੇਂ ਵਰਗ ਦੇ ਵਿਅਕਤੀ ਅਤੇ ਉਸਤੋਂ ਉਤਲੇ ਵਿਅਕਤੀਆਂ ਦੇ ਹਿਤ ਆਪਸ ਵਿਚ ਕਿੱਥੇ ਸਾਂਝੇ ਹਨ ਅਤੇ ਕਿੱਥੇ ਇਕ ਦੂਜੇ ਨਾਲ ਟਕਰਾਉਂਦੇ ਹਨ, ਇਸ ਗੱਲ ਤੋਂ ਸੇਖੋਂ ਭਲੀ ਪ੍ਰਕਾਰ ਚੇਤੰਨ ਹੈ।[34] ਸੇਖੋਂ ਦੀ

ਕਹਾਣੀ ਕਲਾ ਦੀ ਇਹ ਵੀ ਵਿਸ਼ੇਸ਼ਤਾ ਕਹੀ ਜਾ ਸਕਦੀ ਹੈ ਕਿ ਉਹ ਸਮਾਜ ਵਿਚਲੇ ਇਨ੍ਹਾਂ ਆਰਥਕ-ਸਮਾਜਕ ਵਿਤਕਰਿਆਂ ਨੂੰ ਸਿਰਫ਼ ਚਿਤਰਦਾ ਹੀ ਨਹੀਂ, ਸਗੋਂ ਇਨ੍ਹਾਂ ਪਿੱਛੇ ਕਾਰਜਸ਼ੀਲ ਧਿਰਾਂ ਜਾਂ ਕਾਰਣਾਂ ਦੀ ਪਛਾਣ ਵੀ ਕਰਦਾ ਹੈ, "ਸੰਤ ਸਿੰਘ ਸੇਖੋਂ ਨੇ ਸਮਾਜ ਵਿਚਲੇ ਗ਼ਲਤ ਵਿਸ਼ਵਾਸਾਂ ਨੂੰ ਚਿਤਰਿਆ ਹੀ ਨਹੀਂ, ਸਗੋਂ ਉਹਨਾਂ ਦਾ ਕਾਰਣ ਵੀ ਦੱਸਿਆ ਹੈ, ਮੂਲ ਕਾਰਣ ਉਸ ਨੇ ਆਰਥਕ ਮੰਦਹਾਲੀ ਨੂੰ ਹੀ ਠਹਿਰਾਇਆ ਹੈ।"[35] ਸੇਖੋਂ ਦੀ ਇਸ ਰਚਨਾ-ਦ੍ਰਿਸ਼ਟੀ ਪਿੱਛੇ ਕਾਰਜਸ਼ੀਲ ਕਾਰਣਾਂ ਦੀ ਜੇ ਪਛਾਣ ਕੀਤੀ ਜਾਵੇ ਤਾਂ ਉਸਦਾ ਕਾਰਣ ਇਹ ਹੀ ਨਜ਼ਰ ਆਉਂਦਾ ਹੈ ਕਿ ਸੇਖੋਂ ਇਸ ਜਮਾਤੀ ਵੰਡੀਆਂ ਵਾਲੇ ਸਮਾਜ ਨਾਲ ਸਹਿਮਤ ਨਹੀਂ ਤੇ ਉਹ ਇਸ ਨੂੰ ਤਬਦੀਲ ਕਰਨ ਦਾ ਚਾਹਵਾਨ ਹੈ।[36] ਸੇਖੋਂ ਦੀ ਇਸੇ ਰਚਨਾ ਦ੍ਰਿਸ਼ਟੀ ਨੂੰ ਸਮਝਦਾ ਹੋਇਆ ਡਾ. ਅਤਰ ਸਿੰਘ ਵੀ ਸੇਖੋਂ ਨੂੰ ਸਿਰਫ਼ ਘਟਨਾਵਾਂ ਦਾ ਬਿਆਨ ਕਰਨ ਵਾਲੇ ਨਹੀਂ ਸਗੋਂ ਇਨ੍ਹਾਂ ਪਿੱਛੇ ਕਾਰਜਸ਼ੀਲ ਕਾਰਣਾਂ ਦੀ ਪਛਾਣ ਕਰਨ ਵਾਲੇ ਕਹਾਣੀਕਾਰ ਦੇ ਰੂਪ ਵਿਚ ਪਛਾਣਦਾ ਹੈ।[37]

ਸੇਖੋਂ ਦੀ ਕਹਾਣੀ 'ਪਤਾਲ ਦਾ ਬੰਦਾ' ਕਿਸਾਨੀ ਵਿਚ ਆ ਰਹੀ ਸਮਾਜਕ-ਰਾਜਨੀਤਿਕ ਚੇਤਨਾ ਨੂੰ ਪੇਸ਼ ਕਰਨ ਉੱਪਰ ਆਧਾਰਿਤ ਹੈ। ਇਸ ਕਹਾਣੀ ਦਾ ਕੇਂਦਰੀ ਪਾਤਰ ਕਰਤਾਰ ਸਿੰਘ ਦੋ ਸਾਲ ਅਮਰੀਕਾ ਰਹਿ ਕੇ ਵਾਪਸ ਆਪਣੇ ਪਿੰਡ ਪਰਤਦਾ ਹੈ। ਇਕ ਆਜ਼ਾਦ ਮੁਲਕ ਵਿਚ ਰਹਿ ਕੇ ਵਾਪਸ ਆਉਣ ਤੋਂ ਬਾਅਦ ਉਸਨੂੰ ਸਾਮਰਾਜ ਦੀ ਗ਼ੁਲਾਮੀ ਤੇ ਸਮਾਜ ਵਿਚਲੇ ਵਖਰੇਵੇਂ ਵਧੇਰੇ ਰੜਕਦੇ ਹਨ। ਉਸਦੀਆਂ ਅਮਰੀਕਾ ਬਾਰੇ ਦੱਸੀਆਂ ਗੱਲਾਂ ਦਾ ਪਿੰਡ ਵਾਲਿਆਂ ਨੂੰ ਵਿਸ਼ਵਾਸ ਉਦੋਂ ਹੀ ਆਉਂਦਾ ਹੈ ਜਦੋਂ ਉਥੋਂ ਦੀ ਧਰਤੀ ਦਾ ਵਸਨੀਕ ਮਿ. ਕਾਕਸ ਵੀ ਉਸ ਕੋਲ ਆ ਕੇ ਰਹਿਣਾ ਸ਼ੁਰੂ ਕਰਦਾ ਹੈ ਤੇ ਦੋਵੇਂ ਮਿਲ ਕੇ ਲੋਕਾਂ ਨੂੰ ਚੇਤੰਨ ਕਰਨ ਦੀ ਵਿਉਂਤਬੱਧ ਮੁਹਿੰਮ ਆਰੰਭਦੇ ਹਨ ਤੇ ਪਿੰਡ ਦੀ ਕਿਸਾਨੀ ਨੂੰ ਜਾਤ-ਪਾਤ ਤੋਂ ਉੱਪਰ ਉੱਠ ਕੇ ਪਿੰਡ ਦੇ ਗ਼ੈਰ-ਜੱਟਾਂ ਨਾਲ ਵੀ ਇਨਸਾਨੀਅਤ ਤੇ ਭਰਾਤਰੀ ਭਾਵ ਦਾ ਵਿਹਾਰ ਕਰਨ ਲਈ ਪ੍ਰੇਰਦੇ ਹਨ। ਪਿੰਡਾਂ ਦੇ ਲੋਕ-ਚੇਤੰਨ ਹੋ ਕੇ ਹਰ ਉਸ ਗੱਲ ਦਾ ਵਿਰੋਧ ਕਰਨ ਲਗਦੇ ਹਨ ਜੋ ਉਨ੍ਹਾਂ ਨੂੰ ਗ਼ਲਤ ਪ੍ਰਤੀਤ ਹੁੰਦੀ ਹੈ। ਬਿਰਤਾਂਤਕਾਰ ਮੁਤਾਬਿਕ ਉਨ੍ਹਾਂ ਦੁਆਰਾ ਪ੍ਰਚਾਰੀ ਜਾ ਰਹੀ ਚੇਤਨਾ ਦੇ ਪ੍ਰਭਾਵ ਅਧੀਨ ਜਲਦੀ ਹੀ ਸਾਡਾ ਪਿੰਡ

ਇਲਾਕੇ ਦੀਆਂ ਸਰਗਰਮੀਆਂ ਦਾ ਕੇਂਦਰ ਬਣ ਗਿਆ ਸੀ ਤੇ ਅਸੈਂਬਲੀ ਦੀਆਂ ਚੋਣਾਂ ਵਿਚ ਕਈ ਮੈਂਬਰ ਸੋਸ਼ਲਿਸਟਾਂ ਦੇ ਚੁਣੇ ਗਏ। ਭਾਵੇਂ ਸਰਕਾਰ ਦਮਨ ਨਾਲ ਇਸ ਚੇਤਨਾ ਦੀ ਲਹਿਰ ਨੂੰ ਦਬਾ ਦੇਂਦੀ ਹੈ, ਫਿਰ ਵੀ ਕਰਤਾਰ ਤੇ ਕਾਕਸ ਪਿੰਡ ਦੇ ਜਵਾਨਾਂ ਦੇ ਨਾਇਕ ਬਣੇ ਹੋਏ ਸਨ, ਕਿਉਂਕਿ ਉਨ੍ਹਾਂ ਨੇ ਪੂਰੇ ਇਲਾਕੇ ਨੂੰ ਸਾਮਰਾਜ ਤੇ ਜਮਾਤੀ ਵੰਡ ਦੇ ਖ਼ਿਲਾਫ਼ ਚੇਤੰਨ ਕਰਨ ਵਿਚ ਅਹਿਮ ਭੂਮਿਕਾ ਨਿਭਾਈ ਸੀ।

ਇਸੇ ਤਰ੍ਹਾਂ ਸੇਖੋਂ ਦੀ ਕਹਾਣੀ 'ਨਿਮਕ ਹਰਾਮ' ਇਕ ਵਿਅੰਗਾਤਮਕ ਕਹਾਣੀ ਹੈ ਜਿਸ ਵਿਚ ਲੇਖਕ ਨੇ ਜੱਟ ਦੇ ਅੰਨਦਾਤਾ ਹੋਣ ਦੀ ਮਿੱਥ ਪਿੱਛੇ ਕਾਰਜਸ਼ੀਲ ਲੋਟੂ ਧਿਰਾਂ ਦੀ ਚਲਾਕੀ ਨੂੰ ਬਿਆਨ ਕੀਤਾ ਹੈ, ''ਜੱਟਾਂ ਨੂੰ ਇਹ ਫੋਕੀ ਤਸੱਲੀ ਦੇਣ ਵਿਚ ਕੀ ਹਰਜ ਸੀ? ਹਾਂ, ਬਈ ਸਰਦਾਰ ਸਾਰੇ ਜਹਾਨ ਦੇ ਅੰਨਦਾਤੇ ਤੁਸੀ ਓਂ।''[38] ਪਰ ਨਵੇਂ ਵਿਚਾਰਾਂ ਦੇ ਪ੍ਰਭਾਵ ਅਧੀਨ ਕਿਸਾਨੀ ਦੀ ਨਵੀਂ ਪੀੜ੍ਹੀ ਅਜਿਹੇ ਵਿਚਾਰਾਂ ਪਿੱਛੇ ਕਾਰਜਸ਼ੀਲ ਚਲਾਕੀ ਭਰੀ ਸਿਆਸਤ ਨੂੰ ਪੂਰੀ ਤਰ੍ਹਾਂ ਸਮਝ ਰਹੀ ਸੀ। ਇਸੇ ਕਰਕੇ ਕਰਮਚੰਦ ਫ਼ਿਕਰਮੰਦ ਹੈ ਕਿ 'ਫ਼ੁਲਵਾੜੀ' ਤੇ 'ਪ੍ਰੀਤਲੜੀ' ਵਰਗੇ ਰਿਸਾਲੇ ਕਿਸਾਨੀ ਵਿਚ ਅਜਿਹੀ ਚੇਤਨਾ ਭਰ ਰਹੇ ਹਨ, ਜੋ ਸਦੀਆਂ ਤੋਂ ਤੁਰੇ ਆ ਰਹੇ ਜਾਤ-ਪਾਤ ਦੀਆਂ ਵੰਡੀਆਂ ਤੇ ਆਰਥਕ ਲੁੱਟ-ਖਸੁੱਟ ਵਾਲੇ ਸਮਾਜ ਵਿਚ ਕਾਰਜਸ਼ੀਲ ਧਿਰਾਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਬੇ-ਪਰਦਾ ਕਰ ਰਹੇ ਹਨ ਤੇ ਕਿਸਾਨੀ ਨੂੰ ਚੇਤੰਨ ਵੀ। ਇਸ ਕਰਕੇ ਇਨ੍ਹਾਂ ਧਿਰਾਂ ਨੂੰ ਹੋਰ ਲੰਮਾ ਸਮਾਂ ਇਸ ਤਰ੍ਹਾਂ ਲੁੱਟ ਕੇ ਉਨ੍ਹਾਂ ਦੇ ਹੱਕਾਂ ਤੋਂ ਵਾਂਝਿਆਂ ਰੱਖਣਾ ਮੁਸ਼ਕਿਲ ਹੁੰਦਾ ਜਾ ਰਿਹਾ ਹੈ। ਕਿਸਾਨੀ ਨੂੰ ਸ਼ਾਹੂਕਾਰ ਤੇ ਆੜ੍ਹਤੀਆਂ ਦੁਆਰਾ ਹੁੰਦੀ ਕਿਸਾਨੀ ਦੀ ਲੁੱਟ ਬਾਰੇ ਸੋਝੀ ਆ ਰਹੀ ਹੈ। ਇਤਨੀ ਲੁੱਟ ਦੇ ਬਾਵਜੂਦ ਇਸ ਧਿਰ ਦੇ ਨਮਕ-ਹਰਾਮ ਹੋਣ ਦੀ ਮਿੱਥ ਨੂੰ ਲੇਖਕ ਗੁੱਝੇ ਵਿਅੰਗ ਦੀ ਦ੍ਰਿਸ਼ਟੀ ਤੋਂ ਪੇਸ਼ ਕਰਦਾ ਹੈ।[39]

ਸੇਖੋਂ ਆਪਣੀਆਂ ਕਹਾਣੀਆਂ ਵਿਚ ਕਿਸਾਨੀ ਜੀਵਨ ਦੀ ਪੇਸ਼ਕਾਰੀ ਸਮੁੱਚਤਾ ਵਿਚ ਕਰਦਾ ਹੈ ਕਿ ਕਿਵੇਂ ਨਵੇਂ ਸਾਮਰਾਜੀ ਪ੍ਰਬੰਧ ਅਧੀਨ ਕਿਸਾਨੀ ਦਾ ਪਰੰਪਰਾਗਤ ਜੀਵਨ ਬਦਲ ਰਿਹਾ ਹੈ ਪਰ ਨਾਲ ਹੀ ਉਸਦੀਆਂ ਕਹਾਣੀਆਂ ਵਿਚ ਕਿਸਾਨੀ ਮਾਨਸਿਕਤਾ ਦੇ ਕੁਝ ਅਜਿਹੇ ਨਿਵੇਕਲੇ

ਲੱਛਣ ਵੀ ਦ੍ਰਿਸ਼ਟੀਗੋਚਰ ਹੁੰਦੇ ਹਨ ਜੋ ਕਿਸਾਨੀ ਦੀ ਵਿਲੱਖਣ ਮਾਨਸਿਕਤਾ ਨੂੰ ਉਭਾਰਦੇ ਹਨ। ਬੇਸ਼ੱਕ ਸੇਖੋਂ ਨੇ ਆਪਣੀਆਂ ਕਹਾਣੀਆਂ ਵਿਚ ਕਿਸਾਨੀ ਉੱਪਰ ਪੈ ਰਹੇ ਬਾਹਰਮੁਖੀ ਪ੍ਰਭਾਵਾਂ ਨੂੰ ਚਿਤ੍ਰਿਆ ਹੈ। ਪਰ ਸਾਮਰਾਜ ਦੇ ਨਵੇਂ ਪ੍ਰਭਾਵਾਂ ਪ੍ਰਤਿ ਕਿਸਾਨੀ ਦਾ ਹੁੰਗਾਰਾ ਸ਼ੁਰੂ ਵਿਚ ਬਹੁਤਾ ਉਤਸ਼ਾਹ ਵਾਲਾ ਨਹੀਂ ਸੀ। ਲੰਮਾ ਸਮਾਂ ਇਕੋ ਜਿਹਾ ਅਬਦਲ ਜੀਵਨ ਗੁਜ਼ਾਰਦੀ ਰਹੀ ਹੋਣ ਕਰਕੇ ਕਿਸਾਨੀ ਦਾ ਹੁੰਗਾਰਾ ਤਬਦੀਲੀਆਂ ਪ੍ਰਤਿ ਸਵਿਕ੍ਰਿਤੀ ਵਾਲਾ ਨਹੀਂ ਸੀ। ਉਹ ਆਪਣੇ ਇਕੋ ਤਰ੍ਹਾਂ ਦੇ ਜੀਵਨ ਵਿਚ ਹੀ ਖੁਸ਼ ਸੀ, ਪਰੰਤੂ ਜਿੱਥੇ ਸਾਮਰਾਜ ਦੀ ਆਮਦ ਨਾਲ ਬਾਰਾਂ ਆਬਾਦ ਕੀਤੀਆਂ ਗਈਆਂ, ਸਿੰਚਾਈ ਸਹੂਲਤਾਂ ਦਾ ਵਿਸਥਾਰ ਕੀਤਾ ਗਿਆ ਉੱਥੇ ਸੜਕਾਂ ਤੇ ਰੇਲਵੇ ਲਾਈਨਾਂ ਵੀ ਪਿੰਡਾਂ ਦੇ ਜੀਵਨ ਨੂੰ ਬਦਲਣ ਵਿਚ ਫ਼ੈਸਲਾਕੁੰਨ ਭੂਮਿਕਾ ਨਿਭਾਉਂਦੀਆਂ ਹਨ। ਪਰ ਕਿਸਾਨੀ ਆਪਣੇ ਸੁਭਾਅ ਮੁਤਾਬਿਕ ਇਨ੍ਹਾਂ ਨੂੰ ਜਲਦੀ ਆਪਣੀ ਜ਼ਿੰਦਗੀ ਦਾ ਹਿੱਸਾ ਬਣਾਉਣ ਤੋਂ ਝਿਜਕਦੀ ਹੈ। ਕਹਾਣੀ 'ਭੱਤਾ' ਤੇ 'ਪੇਮੀ ਦੇ ਨਿਆਣੇ' ਵਿਚ ਪਿੰਡੋਂ ਬਾਹਰ ਲੰਘਦੀਆਂ ਜਰਨੈਲੀ ਸੜਕਾਂ ਬਾਰੇ ਬੱਚਿਆਂ ਨੂੰ ਚੁੱਕ ਕੇ ਲੈ ਜਾਣ ਵਾਲੇ ਰਾਸ਼ਿਆਂ ਦੀਆਂ ਡਰਾਉਣੀਆਂ ਕਹਾਣੀਆਂ ਪ੍ਰਚਲਿਤ ਹਨ। ਕਿਸਾਨੀ ਦੀ ਮਾਨਸਿਕਤਾ ਕਦੇ ਵੀ ਨਵੀਂਆਂ ਤਬਦੀਲੀਆਂ ਨੂੰ ਅਸਾਨੀ ਨਾਲ ਸਵੀਕਾਰ ਨਹੀਂ ਕਰਦੀ। ਇਸੇ ਕਰਕੇ ਕਿਸਾਨੀ ਦੇ ਸੁਭਾਅ ਬਾਰੇ ਚਰਚਾ ਕਰਦੇ ਹੋਏ ਲੈਨਿਨ ਨੇ ਕਿਸਾਨੀ ਨੂੰ ਪਰੰਪਰਾਗਤ ਮਾਨਸਿਕਤਾ ਦੀ ਧਾਰਨੀ ਕਿਹਾ ਹੈ, ਜੋ ਕਿਤਾਬੀ ਹਦਾਇਤਾਂ ਦੇ ਆਧਾਰ 'ਤੇ ਕਿਸੇ ਤਬਦੀਲੀ ਲਈ ਰਾਜ਼ੀ ਨਹੀਂ ਹੁੰਦੀ।[40] ਕਿਸਾਨੀ ਦੀ ਇਸ ਮਾਨਸਿਕਤਾ ਦਾ ਇਕ ਕਾਰਣ ਇਹ ਵੀ ਹੋ ਸਕਦਾ ਹੈ ਕਿ ਕਿਸਾਨੀ ਪੂਰੀ ਤਰ੍ਹਾਂ ਪਰਿਵਾਰਕ ਸੰਬੰਧਾਂ ਵਿਚ ਬੱਝੀ ਹੋਈ ਹੁੰਦੀ ਹੈ। ਰੋਜ਼ੀ-ਰੋਟੀ ਕਮਾਉਣ ਵਿਚ ਸਮੁੱਚੇ ਪਰਿਵਾਰ ਦਾ ਯੋਗਦਾਨ ਹੁੰਦਾ ਹੈ। ਸੇਖੋਂ ਦੀਆਂ ਕਹਾਣੀਆਂ ਵਿਚ ਰੋਜ਼ੀ-ਰੋਟੀ ਦੇ ਸੰਘਰਸ਼ ਵਿਚ ਪਰਿਵਾਰ ਦੇ ਸਮੁੱਚੇ ਯੋਗਦਾਨ ਨੂੰ ਚਿਤਰਿਆ ਗਿਆ ਹੈ। ਪਰਿਵਾਰ ਦਾ ਹਰ ਮੈਂਬਰ ਆਪਣੇ ਵਿਤ ਮੁਤਾਬਿਕ ਹਿੱਸਾ ਪਾਉਂਦਾ ਹੈ। 'ਭੱਤਾ' ਤੇ 'ਪੇਮੀ ਦੇ ਨਿਆਣੇ' ਕਹਾਣੀਆਂ ਵਿਚ ਛੋਟੇ ਬੱਚੇ ਖੇਤ ਵਿਚ ਰੋਟੀ ਲੈ ਕੇ ਜਾਂਦੇ ਹਨ। ਔਰਤਾਂ ਘਰ ਦਾ ਕੰਮ-ਕਾਰ ਕਰਦੀਆਂ ਹਨ। 'ਮੀਂਹ ਜਾਵੇ ਅਨ੍ਹੇਰੀ ਜਾਵੇ' ਕਹਾਣੀ ਵਿਚ ਪਤੀ ਦੀ ਗ਼ੈਰ-ਹਾਜ਼ਰੀ ਵਿਚ ਬਸੰਤ

ਕੌਰ ਹੀ ਮੱਝ ਲਈ ਖੇਤੋਂ ਪੱਠੇ ਲੈ ਕੇ ਆਉਂਦੀ ਹੈ। ਇਸ ਤਰ੍ਹਾਂ ਕਿਸਾਨੀ ਵਿਚ ਪਰਿਵਾਰਕ ਕਿਰਤ ਦਾ ਮਹੱਤਵ ਵਿਸ਼ੇਸ਼ ਸਥਾਨ ਰੱਖਦਾ ਹੈ। ਸਿਰਫ਼ ਪਰਿਵਾਰ ਦੇ ਮੈਂਬਰ ਹੀ ਨਹੀਂ ਕਿਸਾਨੀ ਲਈ ਤਾਂ ਮਿਲਣ ਆਏ ਰਿਸ਼ਤੇਦਾਰ ਵੀ ਪਰਿਵਾਰ ਦੇ ਮੈਂਬਰਾਂ ਵਾਂਗ ਰੋਜ਼ੀ-ਰੋਟੀ ਲਈ ਕਿਰਤ ਕਰਦੇ ਦ੍ਰਿਸ਼ਟੀਗੋਚਰ ਹੁੰਦੇ ਹਨ। ਸੇਖੋਂ ਦੀ ਕਹਾਣੀ 'ਹਲਵਾਹ' ਭਾਵੇਂ ਹੋਰ ਵੀ ਬਹੁਤ ਸਾਰੇ ਮਸਲਿਆਂ ਨੂੰ ਸੰਬੋਧਿਤ ਹੁੰਦੀ ਹੈ, ਪਰ ਉਸਦਾ ਇਕ ਸਿਰਾ ਕਿਸਾਨੀ ਦੇ ਇਸ ਸੁਭਾਅ ਨੂੰ ਵੀ ਉਜਾਗਰ ਕਰਦਾ ਹੈ।

ਸੇਖੋਂ ਦੀਆਂ ਬਹੁਤ ਸਾਰੀਆਂ ਕਹਾਣੀਆਂ ਵਿਚ ਬਾਰਾਂ ਦੇ ਆਬਾਦ ਹੋਣ ਦੇ ਕਿਸਾਨੀ ਜੀਵਨ ਉੱਪਰ ਪ੍ਰਭਾਵਾਂ ਨੂੰ ਚਿਤਰਦੀਆਂ ਹਨ। ਇਸ ਪ੍ਰਸੰਗ ਵਿਚ 'ਹਲਵਾਹ' ਇਕ ਵਿਸ਼ੇਸ਼ ਕਹਾਣੀ ਹੈ। ਬਾਰਾਂ ਆਬਾਦ ਹੋਣ ਨਾਲ ਕਿਸਾਨੀ ਦੇ ਜੀਵਨ ਵਿਚ ਗੁਣਾਤਮਿਕ ਪਰਿਵਰਤਨ ਵਾਪਰਿਆ ਕਿਉਂਕਿ ਪੰਜਾਬ ਦੇ ਕਿਸਾਨਾਂ ਨੇ ਆਪਣੀ ਮਿਹਨਤ ਨਾਲ ਜੰਗਲ ਪੁੱਟ ਕੇ ਜ਼ਮੀਨਾਂ ਆਬਾਦ ਕੀਤੀਆਂ ਤੇ ਸਿੰਜਾਈ ਦੀਆਂ ਚੰਗੇਰੀਆਂ ਸਹੂਲਤਾਂ ਕਰਕੇ ਉਪਜਾਊ ਜ਼ਮੀਨ ਨੇ ਕਿਸਾਨੀ ਨੂੰ ਆਰਥਕ ਤੌਰ 'ਤੇ ਸੌਖਿਆਂ ਕੀਤਾ। ਬਾਰਾਂ ਆਬਾਦ ਹੋਣ ਨਾਲ ਇਕ ਵਾਰ ਤਾਂ ਕਿਸਾਨੀ ਮੁਰੱਬਿਆਂ ਅਰਥਾਤ ਖੁਲ੍ਹੀ ਜ਼ਮੀਨ ਦੀ ਮਾਲਕ ਬਣਦੀ ਹੈ। 'ਇਹ ਮੁਰੱਬਿਆਂ ਵਾਲੇ ਸਨ। ਅੰਗਰੇਜ਼ਾਂ ਨੇ ਨਹਿਰਾਂ ਕੱਢ ਕੇ ਇਸ ਸਾਂਦਲਬਾਰ ਨੂੰ ਵਸਾਇਆ ਸੀ।[41] ਇਹ ਵੇਰਵੇ ਕਹਾਣੀ ਦੇ ਪਿਛੋਕੜ ਵਿਚ ਹਨ। ਕਹਾਣੀ ਦੀ ਅਗਰਭੂਮੀ ਵਿਚ ਸਾਹਬੋ ਤੇ ਨਿਰੰਜਨ ਦੀ ਪ੍ਰੇਮ ਕਹਾਣੀ ਦੇ ਸ਼ੁਰੂ ਤੇ ਖ਼ਤਮ ਹੋਣ ਦੀ ਪੇਸ਼ਕਾਰੀ ਹੈ। ਇਸ ਕਹਾਣੀ ਵਿਚ ਕਿਸਾਨੀ ਜੀਵਨ ਦੀ ਕਰੜੀ ਮੁਸ਼ੱਕਤ ਵਿਚ ਫਸੇ ਨਿਰੰਜਨ ਦਾ ਭਾਵੁਕ ਵਿਗੋਚਾ ਪੇਸ਼ ਹੋਇਆ ਹੈ। ਦਿਨ-ਰਾਤ ਕੰਮ ਵਿਚ ਫਸੇ ਨਿਰੰਜਨ ਨੂੰ ਤੜਕੇ ਸਾਹਬੋ ਨਾਲ ਦੌੜ ਜਾਣ ਦਾ ਇਕਰਾਰ ਵੀ ਭੁੱਲ ਜਾਂਦਾ ਹੈ। ਬਾਅਦ ਵਿਚ ਜਦੋਂ ਇਸ ਸੰਬੰਧੀ ਦੋਸਤ-ਮਿੱਤਰ ਨਿਰੰਜਨ ਨੂੰ ਛੇੜਦੇ ਹਨ ਤਾਂ ਨਿਰੰਜਨ ਦਾ ਜਵਾਬ ਕਿ 'ਮੈਂ ਸਮਝਿਆ, ਮਾਮਾ ਹਲਾਂ ਨੂੰ ਜਗੌਂਦੇ'[42] ਕਿਸਾਨੀ ਜੀਵਨ ਦੀ ਉਸ ਸਖ਼ਤ ਮੁਸ਼ੱਕਤ ਵੱਲ ਇਸ਼ਾਰਾ ਕਰਦਾ ਹੈ ਜਿਸਦੇ ਭਾਰ ਥੱਲੇ ਮਨੁੱਖ ਦੇ ਕੁਦਰਤੀ ਜਜ਼ਬੇ ਵੀ ਦੱਬੇ ਜਾਂਦੇ ਹਨ। ਗੁਰਨਾਮ ਸਿੰਘ ਆਪਣੇ ਕੰਮ ਦੀ ਗਰਜ਼ ਕਾਰਣ ਲੰਮਾ ਸਮਾਂ ਆਪਣੇ ਭਾਣਜੇ ਨਿਰੰਜਨ ਨੂੰ ਆਪਣੇ ਕੋਲ ਰੋਕੀ ਰੱਖਦਾ ਹੈ। ਇਸ ਨਾਲ ਮਾਮੇ ਦੀ ਕਾਮੇ ਦੇ ਪੱਖ

ਤੋਂ ਬਚਤ ਹੁੰਦੀ ਹੈ। ਕਿਸਾਨੀ ਦੀ ਕਾਮੇ ਸੰਬੰਧੀ ਬਚਤ ਵੀ ਖੇਤੀ ਕਿੱਤੇ ਦੀਆਂ ਸੀਮਾਵਾਂ ਨਾਲ ਜੁੜੀ ਦਿਖਾਈ ਦੇਂਦੀ ਹੈ। ''ਗੁਰਨਾਮ ਸਿੰਘ ਨੇ ਭਾਣਜੇ ਨੂੰ ਮੁੜ ਜਾਣ ਤੋਂ ਕਈ ਮਹੀਨੇ ਰੋਕੀ ਰੱਖਿਆ। ... ਨਿਰੰਜਨ ਜਿਹਾ ਕਾਮਾ ਮੁਫ਼ਤ ਰੋਟੀਆਂ 'ਤੇ ਧਰਿਆ ਪਿਆ ਸੀ ਕਿਤੇ ਇਸ ਬਾਰ ਵਿਚ।''[43]

ਅਜਿਹੇ ਚਿਤ੍ਰਣ ਦੇ ਨਾਲ-ਨਾਲ 'ਹਲਵਾਹ' ਕਹਾਣੀ ਵਿਚ ਜੱਟਾਂ ਤੇ ਜਾਂਗਲੀਆਂ ਦੀ ਆਪਸੀ ਮਨੋਦਸ਼ਾ ਦਾ ਸਮਾਜਕ-ਸਾਂਸਕ੍ਰਿਤਕ ਸੰਦਰਭ ਵੀ ਪੇਸ਼ ਹੋਇਆ ਹੈ। ਜਾਂਗਲੀਆਂ ਨੂੰ ਮੁਰੱਬਿਆਂ ਦੇ ਮਾਲਕ ਜੱਟ ਚੰਗੇ ਲੱਗਦੇ ਹਨ। 'ਸਾਹਬੋ ਇਨ੍ਹਾਂ ਜੱਟਾਂ ਸਿੱਖਾਂ ਨੂੰ ਕੋਈ ਵਧੀਆ ਕਿਸਮ ਦੇ ਬੰਦੇ ਸਮਝਣ 'ਤੇ ਮਜਬੂਰ ਸੀ।'[44] ਇਸ ਤਰ੍ਹਾਂ ਮੁਰੱਬੇ/ਜ਼ਮੀਨ ਸਾਂਦਲਬਾਰ ਵਿਚ ਸਮਾਜਕ ਰੁਤਬੇ ਦਾ ਆਧਾਰ ਬਣਦੇ ਹਨ ਤੇ ਭੋਂ-ਹੀਣ ਸ਼੍ਰੇਣੀਆਂ ਹੀਣਤਾ ਦੇ ਭਾਵਾਂ ਵਿਚ ਗ੍ਰਸੀਆਂ ਦਿਖਾਈ ਦੇਂਦੀਆਂ ਹਨ। 'ਹਲਵਾਹ' ਆਪਣੀ ਬਿਰਤਾਂਤਕ ਪੇਸ਼ਕਾਰੀ ਤੇ ਰਚਨਾ ਦ੍ਰਿਸ਼ਟੀ ਕਾਰਣ ਆਪਣੇ ਸਮੇਂ ਦੀ ਉੱਤਮ ਕਲਾਤਮਕ ਕਹਾਣੀ ਹੈ। ਸਮਾਜਵਾਦੀ ਵਿਚਾਰਧਾਰਾ ਨੂੰ ਸਿੱਧੇ ਰੂਪ ਵਿਚ ਪ੍ਰਗਟਾਏ ਬਿਨਾਂ ਇਹ ਕਹਾਣੀ ਕਿਰਤ ਕਰਨ ਵਾਲੀਆਂ ਧਿਰਾਂ ਦੇ ਭਾਵੁਕ ਵਿਗੋਚੇ ਨੂੰ ਵਿਡੰਬਨਾਤਮਕ ਦ੍ਰਿਸ਼ਟੀ ਤੋਂ ਪੇਸ਼ ਕਰਦੀ ਹੈ। ਸੇਖੋਂ ਦੇ ਆਪਣੇ ਸ਼ਬਦਾਂ ਵਿਚ ਉਸਦੀਆਂ ਕਹਾਣੀਆਂ ਵਿਚ ਇਕ ਬੌਧਿਕ ਵਿਅੰਗ ਹੁੰਦਾ ਹੈ ਜਿਸ ਵਿਚ ਸਾਡੇ ਸਮਾਜਕ ਪ੍ਰਬੰਧ ਤੇ ਇਸ 'ਤੇ ਆਧਾਰਿਤ ਸਾਡੇ ਭਾਵ ਪ੍ਰਬੰਧ ਉੱਤੇ ਕਰਾਰੀ ਚੋਟ ਕੀਤੀ ਗਈ ਹੁੰਦੀ ਹੈ।[45] ਇਸ ਕਹਾਣੀ ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਕਹਾਣੀਆਂ ਦਾ ਵਿਸ਼ਾ-ਵਸਤੂ ਬਾਰਾਂ ਦੇ ਆਬਾਦ ਹੋਣ ਨਾਲ ਸੰਬੰਧਿਤ ਹੈ। ਬਾਰਾਂ ਦੀ ਆਬਾਦੀਅਤ ਨੇ ਕਿਸਾਨੀ ਜੀਵਨ ਵਿਚ ਖ਼ੁਸ਼ਹਾਲੀ ਲਿਆਂਦੀ ਜਿਸ ਨਾਲ ਕਿਸਾਨੀ ਦਾ ਹੱਥ ਖੁੱਲ੍ਹਾ ਹੋਇਆ। 'ਜੱਗ ਤੇ ਜੀਉਣਾ ਕੂੜ ਉਨ੍ਹਾਂ ਦਾ' ਵਿਚ ਮੱਘਰ ਦਾ ਪਰਿਵਾਰ ਮਾਲਵੇ ਵਿਚੋਂ ਗ਼ਰੀਬੀ ਕਰਕੇ ਬਾਰਾਂ ਵਿਚ ਜਾ ਕੇ ਆਰਥਕ ਪੱਖੋਂ ਕੁਝ ਰਾਹਤ ਮਹਿਸੂਸ ਕਰਦਾ ਹੈ। ਕਿਸਾਨੀ ਦੀ ਜ਼ਿੰਦਗੀ ਵਿਚ ਗੁਣਾਤਮਿਕ ਪਰਿਵਰਤਨ ਵਾਪਰਦਾ ਹੈ, ''ਲੋਕਾਂ ਨੂੰ ਕਣਕ ਖਾਣ ਲਈ ਹੀ ਨਹੀਂ, ਖਾਣ ਤੋਂ ਵੱਧ ਵੀ, ਕਈ ਪੁਸ਼ਤਾਂ ਪਿੱਛੋਂ ਪ੍ਰਾਪਤ ਹੋਣ ਲੱਗੀ ਸੀ।''[46] ਬਾਰ ਦੇ ਪਿੰਡਾਂ ਵਿਚ ਧਰਮਸ਼ਾਲਾਵਾਂ ਬਣਨ ਲੱਗੀਆਂ, ਜਿੱਥੇ ਆਏ ਗਏ ਸਾਧੂ-ਸੰਤ ਠਹਿਰਦੇ ਤੇ ਪਿੰਡ ਵਾਸੀ ਉਨ੍ਹਾਂ ਦੀ ਆਦਰ ਭਾਵ ਨਾਲ ਸੇਵਾ ਕਰਦੇ

ਹਨ। 'ਇਕ ਕਠਿਨ ਸਮੱਸਿਆ' ਵੀ ਸ਼ਿਆਮੇ ਵਰਗੇ ਗ਼ਰੀਬ ਕਿਸਾਨ ਦੇ ਖ਼ੁਸ਼ਹਾਲ ਹੋਣ ਦੀ ਕਹਾਣੀ ਬਿਆਨ ਕਰਦੀ ਹੈ। ਸੇਖੋਂ ਦੀਆਂ ਕਹਾਣੀਆਂ ਵਿਚ ਬਾਰਾਂ ਦੇ ਆਬਾਦ ਹੋਣ ਤੇ ਇਸਦੇ ਕਿਸਾਨੀ ਜੀਵਨ ਉੱਪਰ ਪਏ ਪ੍ਰਭਾਵਾਂ ਨੂੰ ਇਕ ਕੇਂਦਰੀ ਵਿਸ਼ੇ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ।

ਔਰਤ ਮਰਦ ਸੰਬੰਧਾਂ ਬਾਰੇ ਸੇਖੋਂ ਦਾ ਨਜ਼ਰੀਆ ਪਰੰਪਰਾਗਤ ਸੰਸਕਾਰਾਂ ਵਿਚ ਢਲਿਆ ਹੋਇਆ ਜਾਗੀਰਦਾਰੀ ਮਾਨਸਿਕਤਾ ਵਾਲਾ ਨਹੀਂ, ਸਗੋਂ ਸਮੇਂ ਦੇ ਹਾਣ ਦਾ ਹੈ। ਉਹ ਜਾਗੀਰਦਾਰੀ ਸੰਸਕਾਰਾਂ ਵਿਚ ਜਕੜੀ ਔਰਤ ਦੇ ਸੰਤਾਪ ਨੂੰ ਸਮਝਦਾ ਵੀ ਹੈ ਤੇ ਇਸ ਕੱਸ ਵਿਚੋਂ ਮੁਕਤ ਹੋਣ ਲਈ ਹਾਮੀ ਵੀ ਭਰਦਾ ਹੈ। ਉਹ ਔਰਤ-ਮਰਦ ਸੰਬੰਧਾਂ ਨੂੰ ਲੈ ਕੇ ਸਥਾਪਤ ਹੋ ਚੁੱਕੇ ਭੂਪਵਾਦੀ ਸਦਾਚਾਰਕ ਵਿਧਾਨ ਦੇ ਹੱਕ ਵਿਚ ਖਲੋਣ ਦੀ ਥਾਂ ਔਰਤ-ਮਰਦ ਦੀ ਸਹਿਜ ਰਿਸ਼ਤਗੀ ਨੂੰ ਪਰਵਾਨਗੀ ਦੇ ਕੇ ਅਗਾਂਹਵਧੂ ਰੋਲ ਨਿਭਾਉਂਦਾ ਹੈ। ਆਪਣੀ ਮੁੱਢਲੀ ਕਹਾਣੀ 'ਭੱਤਾ' ਲਿਖ ਕੇ ਉਸ ਨੇ ਔਰਤ-ਮਰਦ ਸੰਬੰਧਾਂ ਨੂੰ ਮਨੋਵਿਗਿਆਨਕ ਧਰਾਤਲ 'ਤੇ ਸਮਝਦਿਆਂ ਤੇ ਪੇਸ਼ ਕਰਦਿਆਂ ਇਕ ਦੂਸਰੇ ਦੀ ਸਰੀਰਕ ਤੇ ਮਾਨਸਿਕ ਭੁੱਖ ਅਤੇ ਖਿੱਚ ਨੂੰ ਮਾਨਤਾ ਦਿੱਤੀ। ਉਸ ਅਨੁਸਾਰ ਵਿਰੋਧੀ ਲਿੰਗ ਵਾਲੇ ਜਵਾਨ ਜਿਸਮਾਂ ਦਾ ਆਪਸੀ ਆਕਰਸ਼ਣ ਮਨੋਵਿਗਿਆਨਕ ਸਚਾਈ ਹੈ ਅਤੇ ਉਨ੍ਹਾਂ ਦੇ ਮਨੋਭਾਵਾਂ ਨੂੰ ਕਿਸੇ ਸਦਾਚਾਰਕ ਜਾਂ ਸਮਾਜਕ ਪੈਂਤੜੇ ਤੋਂ ਵਾਚਣ ਦੀ ਥਾਂ ਸਾਧਾਰਣ ਮਨੁੱਖੀ ਜ਼ਰੂਰਤ ਵਜੋਂ ਸਮਝਣ ਦੀ ਲੋੜ ਹੈ। 'ਭੱਤਾ' ਕਹਾਣੀ ਦੇ ਨਵ-ਵਿਆਹੇ ਪਾਤਰ ਦੀ ਆਪਣੀ ਪਤਨੀ ਵੱਲੋਂ ਰੋਟੀ ਲੈ ਕੇ ਆਉਣ ਤੇ ਉਸਦਾ ਸਾਥ ਮਾਨਣ ਦੀ ਤਾਂਘ ਕਿਸੇ ਵੀ ਸੂਰਤ ਵਿਚ ਗ਼ੈਰ-ਸਮਾਜਕ ਨਹੀਂ, ਸਗੋਂ ਸੁਭਾਵਿਕ ਹੈ। ਖੇਤ ਕੰਮ ਕਰਦੇ ਮਰਦ ਪਾਤਰ ਵੱਲੋਂ ਪਤਨੀਆਂ ਦੁਆਰਾ ਭੱਤਾ ਲਿਆਉਣ ਪ੍ਰਤਿ ਵਿਸ਼ੇਸ਼ ਦਿਲਚਸਪੀ ਹੁੰਦੀ ਹੈ, "ਇਹ ਸਿਰਫ਼ ਭੱਤਾ ਨਹੀਂ ਸਗੋਂ ਤੜਕੇ ਹਲੀਂ ਉੱਠਣ ਕਰਕੇ ਵਸੂਲ ਨਾ ਹੋਈ ਪਿਆਰ ਦੀ ਆਖਰੀ ਕਿਸ਼ਤ ਵਿਆਜ ਦਾ ਰੂਪ ਬਣਦੀ ਹੈ।"[47] ਪਰ ਅਜਿਹਾ ਨਾ ਹੋਣ ਦੀ ਸੂਰਤ ਵਿਚ ਜਵਾਨ ਹਾਲੀ ਨਿਰਾਸ਼ ਤੇ ਨਿਰਉਤਸ਼ਾਹਿਤ ਹੋ ਜਾਂਦਾ ਹੈ। 'ਭੱਤਾ' ਕਹਾਣੀ ਨਵੀਂ ਵਿਆਹੀ ਵਹੁਟੀ ਵੱਲੋਂ ਭੱਤਾ ਨਾ ਲੈ ਕੇ ਆਉਣ ਤੇ ਜਵਾਨ ਹਾਲੀ ਦੇ ਭਾਵੁਕ ਵਿਗੋਚੇ ਨੂੰ ਪੇਸ਼ ਕੀਤਾ ਗਿਆ ਹੈ। ਇਸ ਨਾਲ ਉਸਦੀ ਭੁੱਖ ਹੀ ਮਰ ਜਾਂਦੀ ਹੈ। ਉਸਦਾ ਪਿਉ ਵੀ

ਜਾਣਦਾ ਹੈ ਕਿ ਪਤਨੀ ਦੇ ਭੱਤਾ ਨਾ ਲੈ ਕੇ ਆਉਣ ਨਾਲ ਮੁੰਡਾ ਨਿਰਾਸ਼ ਹੋ ਗਿਆ ਹੈ ਤੇ ਉਹ ਭੱਤਾ ਲੈ ਕੇ ਆਈ ਧੀ ਨੂੰ ਨਸੀਹਤ ਕਰਦਾ ਹੈ ਕਿ ਅੱਗੇ ਤੋਂ ਆਪਣੀ ਭਾਬੀ ਨੂੰ ਰੋਟੀ ਦੇ ਕੇ ਘੱਲਿਆ ਕਰ।[48] ਇਸ ਤਰ੍ਹਾਂ ਇਹ ਕਹਾਣੀ ਕਿਸਾਨੀ ਜੀਵਨ ਵਿਚ ਭੱਤਾ ਕਿਵੇਂ ਸਰੀਰਕ ਭੁੱਖ ਦੇ ਨਾਲ-ਨਾਲ ਰੂਹ ਦੀ ਖ਼ੁਰਾਕ ਵੀ ਬਣਦਾ ਹੈ, ਇਸ ਦਾ ਚਿਤ੍ਰਣ ਇਸ ਕਹਾਣੀ ਵਿਚ ਹੋਇਆ ਹੈ। ਸੰਤ ਸਿੰਘ ਸੇਖੋਂ ਦੇ ਉਤਰਕਾਲੀ ਕਹਾਣੀਕਾਰ ਕੁਲਵੰਤ ਸਿੰਘ ਵਿਰਕ ਨੇ ਵੀ ਇਸੇ ਹੀ ਵਿਸ਼ੇ ਨੂੰ ਆਪਣੀ ਕਹਾਣੀ 'ਛਾਹ ਵੇਲਾ' ਵਿਚ ਵੱਖਰੇ ਅੰਦਾਜ਼ ਵਿਚ ਪੇਸ਼ ਕਰਕੇ ਇਸ ਸੁਭਾਵਿਕ ਰਿਸ਼ਤੇ ਨੂੰ ਪ੍ਰਵਾਨਗੀ ਦਿੱਤੀ ਹੈ।

'ਮੁੜ ਵਿਧਵਾ' ਕਹਾਣੀ ਵਿਚਲੀ ਵਿਧਵਾ ਮੁਟਿਆਰ ਦੀ ਰੇਲ ਦੇ ਡੱਬੇ ਵਿਚ ਕੁਝ ਸਮੇਂ ਲਈ ਆਣ ਬੈਠੇ ਪਤੀ ਦੇ ਹਾਣੀ ਨੌਜਵਾਨ ਪ੍ਰਤਿ ਖਿੱਚ ਨੂੰ ਸੇਖੋਂ ਕਿਸੇ ਮੁੱਲਵਾਦੀ ਦ੍ਰਿਸ਼ਟੀ ਤੋਂ ਨਹੀਂ ਵੇਖਦਾ, ਸਗੋਂ ਮਨੁੱਖੀ ਮਨ ਦੇ ਸਾਧਾਰਨ ਵਿਹਾਰ ਵਜੋਂ ਗ੍ਰਹਿਣ ਕਰਦਾ ਹੈ। ਇਹ ਪਾਤਰ ਉਸ ਲਈ ਚੰਗੇ ਜਾਂ ਬੁਰੇ ਦੇ ਖਾਨੇ ਵਿਚ ਵੰਡੇ ਹੋਏ ਨਹੀਂ, ਸਗੋਂ ਅਸਲੋਂ ਸਾਧਾਰਣ ਇਨਸਾਨ ਹਨ। ਇਨਸਾਨੀ ਪਛਾਣ ਹੀ ਸੇਖੋਂ ਦੇ ਨਜ਼ਰੀਏ ਦੀ ਵਿਸ਼ੇਸ਼ਤਾ ਹੈ। ਸੇਖੋਂ ਮਰਦ-ਔਰਤ ਸੰਬੰਧਾਂ ਨੂੰ ਪੇਸ਼ ਕਰਦਿਆਂ ਮਨੁੱਖੀ ਮਨ ਦੀ ਤਰਲਤਾ ਤੇ ਬਹੁਰੰਗਤਾ ਨੂੰ ਵੀ ਧਿਆਨ ਗੋਚਰੇ ਲਿਆਉਂਦਾ ਹੈ ਅਤੇ ਪ੍ਰਕ੍ਰਿਤੀ ਤੇ ਸੰਸਕ੍ਰਿਤੀ ਤੇ ਤਣਾਉ ਨੂੰ ਕਲਾਤਮਕ ਢੰਗ ਨਾਲ ਬਿਆਨ ਕਰਦਾ ਹੈ। 'ਮੀਂਹ ਜਾਵੇ ਅਨ੍ਹੇਰੀ ਜਾਵੇ' ਕਹਾਣੀ ਵਿਚ ਫ਼ੌਜੀ ਪਤੀ ਦੀ ਗ਼ੈਰ-ਹਾਜ਼ਰੀ ਵਿਚ ਔਰਤ ਪਾਤਰ ਪੇਂਡੂ ਕਿਸਾਨੀ ਜੀਵਨ ਵਿਚ 'ਆਟੇ ਦੇ ਦੀਵੇ' ਵਾਲਾ ਰੋਲ ਨਿਭਾਉਣ ਲਈ ਮਜਬੂਰ ਹੈ ਜਿਸਨੂੰ ਅੰਦਰ ਚੂਹੇ ਖਾਂਦੇ ਹਨ ਤੇ ਬਾਹਰ ਕਾਂ। ਉਹਦੇ ਉੱਤੇ ਪਰਾਏ ਮਰਦ ਦੀ ਸਮੇਂ-ਸਮੇਂ ਪੈਂਦੀ ਨਜ਼ਰ ਅਤੇ ਮਿਲਦੀ ਸੰਗਤ ਉਹਦੀ ਪ੍ਰਕ੍ਰਿਤਿਕ-ਇੱਛਾ ਨੂੰ ਹੁੰਗਾਰਾ ਭਰਦੀ ਹੈ। ਪਰ ਪਤੀ ਪ੍ਰਤਿ ਵਫ਼ਾ ਦਾ ਰਿਸ਼ਤਾ ਨਿਭਾਉਣ ਦਾ ਫ਼ਰਜ਼ ਉਹਦੇ ਮਨ ਅੰਦਰ ਸਮਾਜਕ-ਸਭਿਆਚਾਰਕ ਮੁੱਲ-ਵਿਧਾਨ ਨਾਲ ਉਸਦੀ ਪ੍ਰਕ੍ਰਿਤਿਕ ਇੱਛਾ ਦਾ ਤਣਾਓ ਸਿਰਜਦਾ ਹੈ। ਉਹ ਤਾਰ 'ਤੇ ਤੁਰਦੀ ਨਜ਼ਰ ਆਉਂਦੀ ਹੈ। ਸੇਖੋਂ ਦੀ ਰਚਨਾਤਮਕ ਦ੍ਰਿਸ਼ਟੀ ਮੁਟਿਆਰ ਔਰਤ ਨੂੰ ਕਿਸੇ ਉਲਾਰ ਵੱਲ ਢਹਿਣ ਤੋਂ ਤਾਂ ਬਚਾ ਕੇ ਰੱਖਦੀ ਹੈ, ਪਰ ਨਾਲ ਹੀ ਇਸ

ਹਕੀਕਤ ਵੱਲ ਵੀ ਸੰਕੇਤ ਕਰਦੀ ਹੈ ਕਿ ਜੇ ਕਿਸੇ ਔਰਤ ਨੇ ਸਮਾਜਕ ਵਿਧਾਨ ਨੂੰ ਅਪਨਾਉਣਾ ਹੈ ਤਾਂ ਉਹਦੀ ਜਿਸਮਾਨੀ ਲੋੜ ਦੀ ਤ੍ਰਿਪਤੀ ਵੀ ਲਾਜ਼ਮੀ ਹੈ। ਇਸ ਤੋਂ ਪਹਿਲਾਂ ਔਰਤ-ਮਰਦ ਸੰਬੰਧਾਂ ਨੂੰ ਅਕਸਰ ਭੂਪਵਾਦੀ ਮੁੱਲਾਂ ਦੇ ਝਰੋਖੇ ਵਿਚੋਂ ਵੇਖਿਆ ਜਾਂਦਾ ਸੀ। ਸੇਖੋਂ ਨੇ ਮਨੁੱਖੀ ਮਨ ਅੰਦਰ ਲੁਕੀਆਂ ਅਤ੍ਰਿਪਤੀਆਂ-ਤ੍ਰਿਪਤੀਆਂ ਨੂੰ ਕਲਾ ਰੂਪ ਵਿਚ ਵੀ ਢਾਲਿਆ ਅਤੇ ਇਸ ਨਾਲ ਜੁੜੇ ਮੁੱਲ-ਵਿਧਾਨ ਦੇ ਚੌਖਟੇ ਨੂੰ ਵੀ ਮੋਕਲਾ ਕੀਤਾ ਅਤੇ ਇਨ੍ਹਾਂ ਸੰਬੰਧਾਂ ਨੂੰ ਸਰੀਰਕ ਤੇ ਮਾਨਵੀ ਲੋੜ ਵਜੋਂ ਪ੍ਰਸਤੁਤ ਕਰਕੇ ਕਾਮ ਅਤੇ ਪ੍ਰੇਮ ਸੰਬੰਧਾਂ ਨੂੰ ਸਾਹਿਤ ਵਿਚ ਸਿਰਜੇ ਜਾਣ ਦੀ ਸਵੀਕ੍ਰਿਤੀ ਵੀ ਦਿੱਤੀ।

ਸੇਖੋਂ ਲਈ ਔਰਤ ਸਿਰਜਣਸ਼ੀਲਤਾ ਅਤੇ ਸਹਿਣਸ਼ੀਲਤਾ ਦਾ ਮੁਜੱਸਮਾ ਵੀ ਹੈ ਤੇ ਬੰਦੇ ਦੀ ਧਿਰ ਅਤੇ ਧਰਵਾਸ ਵੀ। 'ਪੇਮੀ ਦੀ ਨਿਆਣੇ' ਕਹਾਣੀ ਵਿਚ ਪਹਿਲੀ ਨਜ਼ਰ ਵਿਚ ਤਾਂ ਬਾਲ ਮਨੋਵਿਗਿਆਨ ਨਾਲ ਸੰਬੰਧਿਤ ਦਿਸਦੀ ਹੈ ਕਿ ਕਿਵੇਂ ਸਮਾਜ ਵੱਲੋਂ ਛੋਟੀ ਉਮਰ ਤੋਂ ਹੀ ਬੱਚਿਆਂ ਦੇ ਮਨਾਂ ਵਿਚ ਛੋਟੇ-ਛੋਟੇ ਡਰ ਬਿਠਾ ਦਿੱਤੇ ਜਾਂਦੇ ਹਨ। ਸੇਖੋਂ ਇਨ੍ਹਾਂ ਡਰਾਂ ਦਾ ਤਰਕਸ਼ੀਲ ਵਿਵੇਕ ਵੀ ਸਿਰਜਦਾ ਹੈ, ਪਰ ਕਹਾਣੀ ਦੇ ਅਖੀਰ 'ਤੇ ਜਿਹੜੇ ਨੁਕਤੇ ਉੱਤੇ ਫੋਕਸ ਕਰਦਾ ਹੈ ਉਸ ਵਿਚ ਉਹ ਔਰਤ ਪ੍ਰਤਿ ਆਪਣਾ ਨਜ਼ਰੀਆ ਵੀ ਉਭਾਰਦਾ ਹੈ ਤੇ ਔਰਤ ਦੀ ਸ਼ਕਤੀ ਵਿਚ ਆਸਥਾ ਪ੍ਰਗਟ ਵੀ ਕਰਦਾ ਹੈ। ਖੇਤਾਂ ਨੂੰ ਰੋਟੀ ਲੈ ਕੇ ਜਾਂਦੇ ਬੱਚਿਆਂ ਨੂੰ ਡਰ ਹੈ ਕਿ ਜਰਨੈਲੀ ਸੜਕ ਕੰਢੇ ਪਿਆ ਰਾਸ਼ਾ ਉਨ੍ਹਾਂ ਨੂੰ ਫੜ ਲਵੇਗਾ। ਸੜਕ ਪਾਰ ਕਰਨ ਲਈ ਕਿਸੇ ਸਾਥ ਦਾ ਆਸਰਾ ਤੱਕਣ ਲਈ ਉਹ ਮੁੜ-ਮੁੜ ਪਿੰਡ ਵੱਲ ਵੇਖਦੇ ਹਨ, ਪਰ ਕੋਈ ਨਹੀਂ ਆਉਂਦਾ। ਭੈਣ ਕਹਾਣੀ ਸੁਣਾਉਂਦੀ ਹੈ ਕਿ ਕਹਾਣੀ ਦੇ ਸੁਣਦਿਆਂ/ਸੁਣਾਉਂਦਿਆਂ ਉਨ੍ਹਾਂ ਦਾ ਰਾਸ਼ੇ ਵੱਲ ਧਿਆਨ ਨਹੀਂ ਜਾਵੇਗਾ ਤੇ ਉਹ ਸਹਿਵਨ ਹੀ ਸੜਕ ਪਾਰ ਕਰ ਜਾਣਗੇ। ਇਹ ਕੋਸ਼ਿਸ਼ ਵੀ ਸਫ਼ਲ ਨਹੀਂ ਹੁੰਦੀ ਤਾਂ ਭਰਾ ਡਰ ਕੇ ਭੈਣ ਨੂੰ ਪੁੱਛਦਾ ਹੈ ਕਿ ਉਹ ਹੁਣ ਕੀ ਕਰਨਗੇ ਤਾਂ ਭੈਣ ਬੜੇ ਭਰੋਸੇ ਨਾਲ ਆਖਦੀ ਹੈ ਕਿ ਜੇ ਰਾਸ਼ਾ ਉਨ੍ਹਾਂ ਨੂੰ ਕੁਝ ਆਖੇਗਾ ਤਾਂ ਉਹ ਆਪਣੀ ਮਾਂ 'ਪੇਮੀ' ਦਾ ਨਾਂ ਲੈ ਕੇ ਆਖਣਗੇ ਕਿ ਉਹ 'ਪੇਮੀ ਦੇ ਨਿਆਣੇ' ਹਨ ਤਾਂ ਰਾਸ਼ਾ ਉਨ੍ਹਾਂ ਨੂੰ ਕੁਝ ਨਹੀਂ ਆਖੇਗਾ। ਸੇਖੋਂ ਅਨੁਸਾਰ ਬੱਚਿਆਂ ਲਈ ਸਭ ਤੋਂ

ਵੱਡੀ ਤਾਕਤ ਜਾਂ ਧਿਰ ਉਨ੍ਹਾਂ ਦੀ ਮਾਂ ਹੀ ਹੁੰਦੀ ਹੈ। ਇੰਜ ਸੇਖੋਂ ਜਿੱਥੇ ਮਾਂ ਦੇ ਮਾਤਰੀ ਤੱਤ ਨੂੰ ਸਿਜਦਾ ਕਰਦਾ ਹੈ, ਉੱਥੇ ਔਰਤ ਨੂੰ ਮਨੁੱਖ ਜਾਤੀ ਦੀ ਜਣਨੀ, ਸਿਰਜਕ ਤੇ ਪ੍ਰੇਰਕ ਹਸਤੀ ਵਜੋਂ ਵਡਿਆਉਂਦਾ ਹੈ। ਜਿੱਥੇ ਮਰਦ ਨੂੰ ਔਰਤ ਦੀ ਮੁਹੱਬਤ ਦਾ ਆਧਾਰ ਮੁਹੱਈਆ ਹੁੰਦਾ ਹੈ, ਉਥੇ ਮਰਦ ਵਧੇਰੇ ਕਾਰਜਸ਼ੀਲ, ਉਤਸ਼ਾਹੀ ਤੇ ਜ਼ਿੰਦਗੀ ਨਾਲ ਜੁੜਿਆ ਨਜ਼ਰ ਆਉਂਦਾ ਹੈ। ਪਰ ਜਿੱਥੇ ਮਰਦ ਕਿਸੇ ਕਾਰਣ ਔਰਤ ਦੇ ਸਾਥ ਤੋਂ ਵਿਜੋਗਿਆ ਜਾਂਦਾ ਹੈ ਤਾਂ ਉਹਦੇ ਤਨ-ਮਨ ਦੀਆਂ ਚੂਲਾਂ ਹਿੱਲ ਜਾਂਦੀਆਂ ਹਨ। 'ਅਣੋਖ ਸਿੰਘ ਦੀ ਵਹੁਟੀ' ਦੇ ਮੁੱਖ ਪਾਤਰ ਵਾਂਗ ਉਸਦੀ ਮਾਨਸਿਕ ਸਥਿਤੀ ਵਿਚਲਿਤ ਹੋ ਸਕਦੀ ਹੈ। ਸਮੁੱਚੇ ਰੂਪ ਵਿਚ ਸੇਖੋਂ ਇਸ ਹਕੀਕਤ ਵੱਲ ਸੰਕੇਤ ਕਰਦਾ ਹੈ ਕਿ ਔਰਤ-ਮਰਦ ਇਕ ਦੂਜੇ ਦੇ ਸਾਥ ਬਿਨਾਂ ਅਧੂਰੇ ਹਨ। ਦੋਹਾਂ ਨੂੰ ਹੀ ਇਕ ਦੂਜੇ ਦੀ ਬਰਾਬਰ ਲੋੜ ਹੈ।

ਔਰਤ-ਮਰਦ ਸੰਬੰਧਾਂ ਦੇ ਹਵਾਲੇ ਨਾਲ ਪੇਸ਼ ਕੀਤਾ ਸੇਖੋਂ ਦਾ ਨਜ਼ਰੀਆ ਆਪਣੇ ਉੱਤਰਕਾਲੀ ਕਹਾਣੀਕਾਰਾਂ ਲਈ ਵੀ ਪ੍ਰੇਰਣਾ ਦਾ ਸੋਮਾ ਬਣਦਾ ਹੈ। ਸੇਖੋਂ ਵਾਂਗ ਹੀ ਵਿਰਕ ਵੀ ਔਰਤ-ਮਰਦ ਸੰਬੰਧਾਂ ਨੂੰ ਭੂਪਵਾਦੀ ਕੀਮਤਾਂ ਦੇ ਚੌਖਟੇ ਵਿਚ ਰੱਖ ਕੇ ਵੇਖਣ ਦੀ ਥਾਂ ਨਜ਼ਰ ਦੀ ਤਾਜ਼ਗੀ ਨਾਲ ਵੇਖਦਾ ਹੈ। ਉਹ ਔਰਤ-ਮਰਦ ਸੰਬੰਧਾਂ ਨਾਲ ਜੁੜੀ ਸਾਧੂਵਾਦੀ ਨੈਤਿਕਤਾ ਦਾ ਮੁਦਈ ਨਹੀਂ। ਨਾ ਹੀ ਉਹ ਇਹ ਸਮਝਦਾ ਹੈ ਕਿ ਕੋਈ ਵਿਸ਼ਾ ਇਸ ਕਰਕੇ ਜ਼ਿਕਰਯੋਗ ਨਹੀਂ ਕਿ ਸਮਾਜ ਉਸਨੂੰ ਵਰਜਿਤ ਸਮਝਦਾ ਹੈ। ਉਸ ਅਨੁਸਾਰ ਤਾਂ ਜਿਹੜਾ ਜਜ਼ਬਾ ਲੱਖਾਂ ਲੋਕਾਂ ਦੇ ਦਿਲਾਂ ਵਿਚ ਧੜਕਦਾ ਹੈ ਉਸਨੂੰ ਸਾਹਿਤ ਵਿਚ ਪੇਸ਼ ਕਰਨਾ ਮਾੜੀ ਗੱਲ ਨਹੀਂ। ਸ਼ਾਇਦ ਇਸੇ ਕਰਕੇ ਹੀ ਵਿਰਕ ਨੇ ਵੀ 'ਛਾਹ ਵੇਲਾ' ਵਰਗੀ ਕਹਾਣੀ ਲਿਖਕੇ ਇਨ੍ਹਾਂ ਸੰਬੰਧਾਂ ਵਿਚਲੀ ਸਾਂਝ ਦੀ ਪ੍ਰੋੜਤਾ ਕੀਤੀ ਸੀ।

ਕਿਸਾਨੀ ਸਮਾਜ ਵਿਚ ਕੇਵਲ ਸਿੱਧੇ ਤੌਰ 'ਤੇ ਖੇਤੀ ਦੇ ਧੰਦੇ ਨਾਲ ਜੁੜੇ ਚਿਤਰ ਪੇਸ਼ ਕਰਨ ਨਾਲ ਕਿਸਾਨੀ ਜੀਵਨ ਦਾ ਚਿਤਰ ਅਧੂਰਾ ਹੋਵੇਗਾ ਜਿਨ੍ਹਾਂ ਚਿਰ ਪਿੰਡਾਂ ਵਿਚ ਵਸਦੀਆਂ ਦੂਜੀਆਂ ਸ਼੍ਰੇਣੀਆਂ ਦਾ ਚਿਤਰ ਰੂਪਮਾਨ ਨਹੀਂ ਹੁੰਦਾ। ਸਭਨਾਂ ਸ਼੍ਰੇਣੀਆਂ ਦੀ ਪੇਸ਼ਕਾਰੀ ਦੇ ਸਮੁੱਚ ਵਿਚੋਂ ਹੀ ਮੁਕੰਮਲ ਤਸਵੀਰ ਦੀ ਝਲਕ ਮਿਲ ਸਕਦੀ ਹੈ। ਜੇਕਰ ਇਸ ਪੱਖੋਂ ਸੇਖੋਂ ਦੀਆਂ ਕਹਾਣੀਆਂ ਦਾ ਅਧਿਐਨ ਕੀਤਾ ਜਾਵੇ ਤਾਂ ਕੁਝ ਕਹਾਣੀਆਂ ਅਜਿਹੀਆਂ ਹਨ ਜਿਨ੍ਹਾਂ ਵਿਚ ਗ਼ੈਰ-ਕਿਸਾਨੀ

ਧਿਰਾਂ ਦੀ ਪੇਸ਼ਕਾਰੀ ਕੀਤੀ ਗਈ ਹੈ। ਇਨ੍ਹਾਂ ਸ਼੍ਰੇਣੀਆਂ ਦੇ ਲੋਕ ਆਪਣੇ ਧਰਾਤਲ 'ਤੇ ਵੱਖੋ-ਵੱਖਰੇ ਜੀਵਨ ਵੀ ਜਿਉਂਦੇ ਹਨ ਅਤੇ ਇਨ੍ਹਾਂ ਦਾ ਆਪਸੀ ਰਿਸ਼ਤਾ ਕੁਝ ਹੱਦ ਤੱਕ ਟਕਰਾਉ ਅਤੇ ਤਣਾਓ ਵਾਲਾ ਵੀ ਹੈ, ਪਰ ਇਸਦੇ ਬਾਵਜੂਦ ਇਕ ਦੂਜੇ ਨਾਲ ਭਾਈਚਾਰਕ ਅਤੇ ਮਾਨਵੀ ਸਾਂਝ ਵਿਚ ਜੁੜੇ ਹੋਏ ਵੀ ਨਜ਼ਰ ਆਉਂਦੇ ਹਨ। ਸੇਖੋਂ ਨੇ ਆਪਣੀਆਂ ਬਹੁਤ ਸਾਰੀਆਂ ਕਹਾਣੀਆਂ ਵਿਚ ਸ਼ਾਹੂਕਾਰਾਂ ਤੇ ਕਿਸਾਨੀ ਦੇ ਆਪਸੀ ਸੰਬੰਧਾਂ ਨੂੰ ਚਿਤਰਿਆ ਹੈ। ਇਨ੍ਹਾਂ ਦੀ ਮੁੱਖ ਸੁਰ ਭਾਵੇਂ ਸ਼ਾਹੂਕਾਰਾਂ ਦੀ ਲੁੱਟ ਨੂੰ ਉਭਾਰਣ ਦੇ ਨੁਕਤੇ ਉੱਪਰ ਹੀ ਕੇਂਦ੍ਰਿਤ ਹੈ, ਪਰ ਇਸਦੇ ਬਾਵਜੂਦ ਉਨ੍ਹਾਂ ਦੀ ਸਾਂਝ ਦੇ ਝਲਕਾਰੇ ਵੀ ਮਿਲ ਜਾਂਦੇ ਹਨ। 'ਕੀਟਾਂ ਅੰਦਰ ਕੀਟ' ਕਹਾਣੀ ਵਿਚ ਲੋੜ ਵੇਲੇ ਕਰਜ਼ਾ ਦੇਣ ਲੱਗਿਆਂ ਨਿਹਾਲੇ ਸ਼ਾਹ ਦੂੱਲੇ ਨੂੰ ਕਹਿੰਦਾ ਹੈ, ''ਅਸੀਂ ਪੀੜ੍ਹੀਆਂ ਤੋਂ ਥੋਡੀ ਇੱਜ਼ਤ ਦੇ ਸਾਂਝੀ ਪੈਸਿਆਂ ਸੌਹਰਿਆਂ ਦਾ ਕੀ ਐ, ਹੌਲੀ-ਹੌਲੀ ਆ ਜਾਣਗੇ।''[49] ਭਾਵੇਂ ਇਸ ਮਿਠਾਸ ਪਿੱਛੇ ਨਿਹਾਲੇ ਸ਼ਾਹ ਦੇ ਹਿੱਤ ਛੁਪੇ ਬੈਠੇ ਹਨ, ਪਰ ਇਸ ਲੁੱਟ ਦੇ ਬਾਵਜੂਦ ਦੋਹਾਂ ਧਿਰਾਂ ਦੇ ਰਿਸ਼ਤਿਆਂ ਵਿਚ ਮਾਨਵੀ ਸੰਤੁਲਨ ਬਣਿਆ ਹੋਇਆ ਹੈ।

ਸੇਖੋਂ ਦੀਆਂ ਕਹਾਣੀਆਂ ਵਿਚ ਦਲਿਤ ਜੀਵਨ ਦੇ ਬਹੁਤ ਘੱਟ ਵੇਰਵੇ ਉਪਲਬਧ ਹਨ ਤੇ ਜੇ ਹਨ ਵੀ ਤਾਂ ਉਹ ਸੁਖਾਵੇਂ ਨਹੀਂ ਹਨ। 'ਕੀਟਾਂ ਅੰਦਰ ਕੀਟ' ਕਹਾਣੀ ਵਿਚ ਸ਼੍ਰੇਣੀਆਂ ਵਿਚ ਵੰਡੇ ਸਮਾਜ ਦੀ ਯਥਾਰਥਕ ਪੇਸ਼ਕਾਰੀ ਕਰਦਿਆਂ ਇਹ ਦਰਸਾਇਆ ਗਿਆ ਹੈ ਕਿ ਕਿਵੇਂ ਸ਼੍ਰੇਣੀ ਸਮਾਜ ਲੁੱਟ-ਖਸੁੱਟ 'ਤੇ ਆਧਾਰਿਤ ਹੈ ਤੇ ਕਿਵੇਂ ਇਸ ਸਮਾਜ ਵਿਚ ਵੱਡੀ ਮੱਛੀ ਛੋਟੀ ਮੱਛੀ ਨੂੰ ਖਾਈ ਜਾ ਰਹੀ ਹੈ। ਕਹਾਣੀ ਵਿਚਲੇ ਪਸ਼ੂ, ਕਾਮਾ, ਕਿਸਾਨ, ਸ਼ਾਹੂਕਾਰ, ਵਕੀਲ ਤੇ ਸਥਾਪਤ ਨਿਜ਼ਾਮ ਸਾਰੇ ਲੁੱਟ ਆਧਾਰਤ ਦਰਜੇ ਬੰਦੀ ਵਾਲੇ ਸਮਾਜ ਦੇ ਪ੍ਰਤਿਨਿੱਧ ਹੋ ਨਿਬੜਦੇ ਹਨ। ਉਪਰਲੀਆਂ ਧਿਰਾਂ ਦਾ ਲੁੱਟਿਆ ਸਤਾਇਆ ਦੂੱਲਾ ਆਪਣੇ ਕਾਮੇ 'ਤੇ ਗੁੱਸਾ ਕੱਢਦਾ ਹੈ ਤੇ ਕਾਮਾ ਪਸ਼ੂਆਂ ਨੂੰ ਕੁੱਟ ਕੇ ਆਪਣੇ ਮਨ ਦਾ ਗੁੱਸਾ ਹਲਕਾ ਕਰਦਾ ਹੈ।

ਸ਼੍ਰੇਣੀ ਸਮਾਜ ਵਿਚ ਕਾਮਾ ਸ਼੍ਰੇਣੀ ਦੇ ਸੰਕਟ ਤੇ ਸਰੋਕਾਰਾਂ ਨੂੰ ਸਮਝਣਾ ਤੇ ਇਨ੍ਹਾਂ ਦੀ ਵਰਤਮਾਨ ਹਾਲਤ ਪਿਛੇ ਕਾਰਜਸ਼ੀਲ ਸਥਾਪਤ ਨਿਜ਼ਾਮ ਦੇ ਰਾਜਨੀਤਿਕ ਵਿਵੇਕ ਦੀ ਸਿਰਜਣਾ ਸੇਖੋਂ ਦੀ

ਕਹਾਣੀ ਦਾ ਮੰਤਵ ਹੈ। ਸੇਖੋਂ ਸਿਰਫ਼ ਦਿਸਦੇ ਯਥਾਰਥ ਦੀ ਪੇਸ਼ਕਾਰੀ ਤੱਕ ਸੀਮਤ ਨਹੀਂ ਰਹਿੰਦਾ ਸਗੋਂ ਉਹ ਇਸ ਸਭ ਕਾਸੇ ਦੇ ਕਾਰਣ ਟੋਲਦਾ ਹੈ, ਜਿਹੜੇ ਉਸਨੂੰ ਕਾਣੀ ਵੰਡ ਵਿਚ ਲੱਭਦੇ ਹਨ।[50] ਸੇਖੋਂ ਨੇ 'ਕੀਟਾਂ ਅੰਦਰ ਕੀਟ' ਕਹਾਣੀ ਵਿਚ ਸ਼ਾਹੂਕਾਰ, ਕਿਸਾਨ ਤੇ ਕਾਮਾ ਸ਼੍ਰੇਣੀ ਦੇ ਆਪਸੀ ਸੰਬੰਧਾਂ ਤੇ ਹਿਤਾਂ ਦੇ ਟਕਰਾਉ ਨੂੰ ਹੀ ਪੇਸ਼ ਨਹੀਂ ਕੀਤਾ ਸਗੋਂ ਕਾਮਾ-ਸ਼੍ਰੇਣੀ ਦੀ ਔਖੀ ਜ਼ਿੰਦਗੀ ਤੇ ਅੰਦਰੂਨੀ ਵਿਰੋਧਾਂ ਨੂੰ ਵੀ ਚਿਤਰਿਆ ਹੈ। ਮਾਂ-ਬਾਪ ਇਹ ਆਸ ਕਰਦੇ ਹਨ ਕਿ ਬੁਢਾਪੇ ਵੇਲੇ ਉਨ੍ਹਾਂ ਦੀ ਔਲਾਦ ਉਨ੍ਹਾਂ ਦਾ ਸਹਾਰਾ ਬਣੇਗੀ ਪਰ ਆਰਥਕ ਸੰਕਟਾਂ ਤੇ ਸ੍ਵੈ ਨੂੰ ਬਚਾਉਣ ਦੀ ਲੜਾਈ ਹੀ ਹੇਠਲੀਆਂ ਧਿਰਾਂ ਨੂੰ ਇਸ ਤਰ੍ਹਾਂ ਲੜਨੀ ਪੈਂਦੀ ਹੈ ਕਿ ਉਨ੍ਹਾਂ ਲਈ 'ਸਰਵਣ ਪੁੱਤ' ਵਾਲੇ ਭਾਰਤੀ ਸੰਸਕ੍ਰਿਤੀ ਦੇ ਸੰਸਕਾਰਾਂ 'ਤੇ ਪੂਰਾ ਨਾ ਉੱਤਰਣਾ ਕਿਸੇ ਵਿਗੋਚੇ ਜਾਂ ਮਿਹਣੇ ਦਾ ਕਾਰਣ ਨਹੀਂ ਬਣਦਾ। 'ਕਿਰਸਾਣ ਤੇ ਕਾਮਾ' ਕਹਾਣੀ ਵਿਚ ਵੀ ਉਧੋ ਦੇ ਪਾਤਰ ਰਾਹੀਂ ਹੇਠਲੇ ਵਰਗਾਂ ਦੇ ਕਰੂਰ ਜੀਵਨ-ਯਥਾਰਥ ਨੂੰ ਪੇਸ਼ ਕੀਤਾ ਗਿਆ ਹੈ ਜਦਕਿ 'ਉਜਾੜ' ਕਹਾਣੀ ਵਿਚ ਸਮੁੱਚੇ ਪਿੰਡ ਦੇ ਦਲਿਤ ਰਾਤੋ-ਰਾਤ ਆਪਣੇ ਘਰ ਛੱਡ ਕੇ ਦੌੜ ਜਾਂਦੇ ਹਨ, ਕਿਉਂਕਿ ਉਹ ਬੁਰੀ ਤਰ੍ਹਾਂ ਕਰਜ਼ਾਈ ਹਨ। ਪਰ ਸਥਾਨ ਬਦਲਣ ਨਾਲ ਉਨ੍ਹਾਂ ਦੀ ਹੋਣੀ ਬਦਲਣ ਦੀ ਕੋਈ ਸੰਭਾਵਨਾ ਪੈਦਾ ਨਹੀਂ ਹੁੰਦੀ ਤੇ ਉਹ ਕੁਝ ਸਮੇਂ ਬਾਅਦ ਫਿਰ ਆਪਣੇ ਹੀ ਪਿੰਡ ਵਾਪਸ ਪਰਤ ਆਉਂਦੇ ਹਨ।

ਸੰਤ ਸਿੰਘ ਸੇਖੋਂ ਦੀਆਂ ਕਹਾਣੀਆਂ ਵਿਚ ਕਿਸਾਨੀ ਜੀਵਨ ਦੇ ਆਰਥਕ ਵੇਰਵਿਆਂ ਦੇ ਨਾਲ-ਨਾਲ ਬਹੁਤ ਸਾਰੇ ਸਮਾਜਕ ਵਿਸ਼ਵਾਸਾਂ ਨਾਲ ਸੰਬੰਧਿਤ ਵੇਰਵੇ ਵੀ ਚਿਤਰੇ ਗਏ ਹਨ। ਪੰਜਾਬ ਦੀ ਸਿੱਖ ਕਿਸਾਨੀ ਭਾਵੇਂ ਧਾਰਮਿਕ ਤੌਰ 'ਤੇ ਸਿੱਖ ਧਰਮ ਪ੍ਰਤਿ ਵਿਸ਼ਵਾਸ ਰੱਖਦੀ ਹੈ, ਪਰ ਦੂਸਰੇ ਧਰਮਾਂ ਪ੍ਰਤਿ ਉਸਦਾ ਰਵੱਈਆ ਕੱਟੜਤਾ ਵਾਲਾ ਨਹੀਂ, ਲਚਕ ਵਾਲਾ ਹੈ। ਹਿੰਦੂ ਅਤੇ ਮੁਸਲਮਾਨ ਧਰਮਾਂ ਪ੍ਰਤਿ ਸ਼ਰਧਾ ਵੀ ਉਸਦੇ ਜੀਵਨ ਦਾ ਹਿੱਸਾ ਹੈ। 'ਅੰਤਿਮ ਵਿਦਾਇਗੀ' ਵਿਚ ਜਦ ਬਚਪਨ ਵਿਚ ਮਦਨ ਬੀਮਾਰ ਹੁੰਦਾ ਹੈ ਤਾਂ ਦਇਆ ਕੌਰ ਉਸਦੀ ਸਿਹਤਯਾਬੀ ਲਈ ਦੇਵੀ ਮਾਂ ਦੀ ਸੁੱਖਣਾ ਸੁੱਖਦੀ ਹੈ ਤੇ ਇਸਨੂੰ ਪੂਰਾ ਨਾ ਕਰ ਸਕਣ ਦਾ ਵਿਗੋਚਾ ਸਾਰੀ ਉਮਰ ਹੰਢਾਉਂਦੀ ਰਹਿੰਦੀ ਹੈ। 'ਬਾਬੇ ਨੱਥੂ ਦੀ ਸਮਾਧ' ਵੀ ਅਜਿਹੀ ਹੀ ਭਾਈਚਾਰਕ ਸੰਬੰਧਾਂ ਤੇ ਧਾਰਮਿਕ ਵਿਸ਼ਵਾਸਾਂ ਨੂੰ ਪੇਸ਼ ਕਰਨ

ਵਾਲੀ ਕਹਾਣੀ ਹੈ। ਪਰ ਇਸ ਕਹਾਣੀ ਵਿਚ ਇਨ੍ਹਾਂ ਵਿਸ਼ਵਾਸਾਂ ਨੂੰ ਤਬਦੀਲ ਹੁੰਦੇ ਤੇ ਕੱਟੜਤਾ ਵਾਲਾ ਰੂਪ ਧਾਰਨ ਕਰਦੇ ਹੋਏ ਚਿਤਰਿਆ ਗਿਆ ਹੈ। ਅਸਲ ਵਿਚ ਈਸਾਈ ਮਿਸ਼ਨਰੀਆਂ ਦੇ ਧਰਮ ਪ੍ਰਚਾਰ ਦੇ ਪ੍ਰਤਿ ਉੱਤਰ ਵਜੋਂ ਸਥਾਨਕ ਧਰਮਾਂ ਦੇ ਪ੍ਰਚਾਰ ਲਈ ਵੀ ਯਤਨ ਆਰੰਭ ਹੋਏ ਜੋ ਈਸਾਈ ਧਰਮ ਦੇ ਵਿਰੋਧ ਦੇ ਨਾਲ-ਨਾਲ ਆਪਸੀ ਵਿਰੋਧਾਂ ਉੱਪਰ ਵੀ ਕੇਂਦ੍ਰਿਤ ਹੋਣ ਲੱਗੇ। ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਸਿੱਖਾਂ ਵਿਚ ਆਪਣੇ ਧਰਮ ਪ੍ਰਤਿ ਚੇਤਨਾ ਦੇ ਨਾਲ-ਨਾਲ ਦੂਸਰੇ ਧਰਮਾਂ ਪ੍ਰਤਿ ਕੱਟੜਤਾ ਤੇ ਦੂਰੀ ਵਾਲੇ ਵਿਚਾਰ ਹਾਵੀ ਹੋ ਰਹੇ ਸਨ। ਗੁਰਬਖਸ਼ ਸਿੰਘ ਪ੍ਰੀਤਲੜੀ ਆਪਣੀ ਸ੍ਵੈ-ਜੀਵਨੀ ਵਿਚ ਇਸ ਬਾਰੇ ਜ਼ਿਕਰ ਕਰਦਾ ਹੋਇਆ ਲਿਖਦਾ ਹੈ ਕਿ ਇਸ ਲਹਿਰ ਦੇ ਪ੍ਰਭਾਵ ਅਧੀਨ ਸਨਾਤਨੀ ਢੰਗ ਨਾਲ ਵਿਆਹੇ ਹੋਏ ਸਿੱਖ ਜੋੜੇ ਸਿੱਖ ਮਰਯਾਦਾ ਅਨੁਸਾਰ ਪੁਨਰ-ਵਿਆਹ ਕਰਵਾ ਕੇ ਆਪਣੀ ਗ਼ਲਤੀ ਨੂੰ ਸੁਧਾਰ ਰਹੇ ਸਨ।[51] ਇਸੇ ਪ੍ਰਭਾਵ ਅਧੀਨ ਉਚੇਚੇ ਯਤਨਾਂ ਨਾਲ ਬਾਬੇ ਨੱਥੂ ਦੀ ਸਮਾਧ ਨੂੰ ਸ਼ਹੀਦ ਨੱਥਾ ਸਿੰਘ ਦੀ ਸਮਾਧ ਬਣਾ ਕੇ ਪੇਸ਼ ਕੀਤਾ ਜਾਂਦਾ ਹੈ।[52] ਜੋ ਕਿ ਵਧਦੀ ਹੋਈ ਧਾਰਮਿਕ ਤੰਗ-ਨਜ਼ਰੀ ਤੇ ਘਟ ਰਹੀ ਭਾਈਚਾਰਕ ਸਾਂਝ ਦਾ ਪ੍ਰਮਾਣ ਹੈ।

ਸੰਤ ਸਿੰਘ ਸੇਖੋਂ ਦੇ ਕਹਾਣੀ-ਸੰਗ੍ਰਹਿ 'ਸਿਆਣਪਾਂ' ਵਿਚ ਸ਼ਾਮਲ ਕਹਾਣੀ 'ਈਸ਼ਰੀ ਦੇ ਕਾਹਨ' ਵਿਚ ਪਰੰਪਰਾਗਤ ਪੇਂਡੂ ਸਮਾਜ ਦੀ ਤਸਵੀਰਕਸ਼ੀ ਹੋਈ ਹੈ। ਸਾਡੇ ਪਰੰਪਰਾਗਤ ਅਰਥਚਾਰੇ ਦਾ ਧੁਰਾ ਖੇਤੀ ਸੀ। ਇਸ ਕਿੱਤੇ ਵਿਚ ਨੌਜਵਾਨ ਅਕਸਰ ਘੋਲ, ਕਬੱਡੀ ਨੂੰ ਵੀ ਇਕ ਸ਼ੌਕ ਤੇ ਸਰੀਰਕ ਤਾਕਤ ਅਜ਼ਮਾਈ ਦੇ ਸਾਧਨ ਵਜੋਂ ਲੈਂਦੇ ਸਨ। ਈਸ਼ਰੀ ਦੇ ਵਰ ਕੁਲਤਾਰ ਨੂੰ ਵੀ ਘੁਲਣ ਦਾ ਸ਼ੌਕ ਹੈ, ਪਰ ਉਸਦੀ ਮੌਤ ਜਵਾਨੀ ਵਿਚ ਹੀ ਹੋ ਜਾਂਦੀ ਹੈ ਤੇ ਇਸ ਕਹਾਣੀ ਦਾ ਕੇਂਦਰੀ ਬਿੰਦੂ ਵਿਧਵਾ ਈਸ਼ਰੀ ਦੀ ਜ਼ਿੰਦਗੀ ਹੈ, ਜੋ ਆਪਣੇ ਪੁੱਤਾਂ ਵਰਗੇ ਦਿਓਰ ਨੂੰ ਭਵਿੱਖੀ ਪਤੀ ਦੇ ਰੂਪ ਵਿਚ ਪਾਲਦੀ ਹੈ, ਪਰ ਉਹ ਜਵਾਨ ਹੋ ਕਿ ਇਸ ਰਿਸ਼ਤੇ ਨੂੰ ਨਾ-ਮਨਜ਼ੂਰ ਕਰ ਦੇਂਦਾ ਹੈ। ਇਸ ਤਰ੍ਹਾਂ ਈਸ਼ਰੀ ਰੰਡੇਪਾ ਹੰਢਾਉਂਦੀ ਵਕਤੋਂ ਪਹਿਲਾਂ ਹੀ ਬੁੱਢੀ ਹੋ ਗਈ ਦਿਸਦੀ ਹੈ। ਇਸ ਕਹਾਣੀ ਵਿਚ ਭਾਵੇਂ ਖੇਤੀ ਦਾ ਸਿੱਧਾ ਜ਼ਿਕਰ ਤਾਂ ਨਹੀਂ ਹੈ, ਪਰ ਇਸ ਕਹਾਣੀ ਵਿਚੋਂ ਕਿਸਾਨੀ ਬੁਨਿਆਦ ਵਾਲੀ ਰਹਿਤਲ ਦੀ ਸਮਾਜਕ ਤਸਵੀਰ ਭਲੀ ਭਾਂਤ ਉਜਾਗਰ ਹੁੰਦੀ ਹੈ। ਇਸੇ ਕਹਾਣੀ ਵਾਂਗ 'ਬੁੱਢ ਸੁਹਾਗਣਾਂ' ਵੀ ਪੇਂਡੂ

ਸਮਾਜ ਨਾਲ ਜੁੜੀਆਂ ਲੋਕ ਖੇਡਾਂ ਦੇ ਵਿਸ਼ੇ ਨਾਲ ਸੰਬਧਿਤ ਹੈ। ਪਰੰਪਰਾਗਤ ਖੇਤੀ ਭਾਵੇਂ ਸਰੀਰਕ ਮੁਸ਼ੱਕਤ ਵਾਲਾ ਕਿੱਤਾ ਸੀ, ਪਰ ਇਸ ਵਿਚ ਇਕ ਵਿਸ਼ੇਸ਼ ਸਹਿਜ ਸੀ, ਨੱਸ-ਭੱਜ ਨਹੀਂ ਸੀ। ਜਿਵੇਂ ਕਿਸਾਨੀ ਜੀਵਨ ਵਿਚ ਨਿੱਤ ਫ਼ਸਲਾਂ ਨਿੱਸਰਦੀਆਂ ਤੇ ਵਿਗਸਦੀਆਂ ਹਨ, ਤਿਵੇਂ ਹੀ ਥੁੜ੍ਹਾਂ ਵਾਲੇ ਜੀਵਨ ਦੇ ਬਾਵਜੂਦ ਇਕ ਭਰਪੂਰਤਾ ਨਜ਼ਰ ਆਉਂਦੀ ਹੈ। ਘਰਾਂ-ਪਰਿਵਾਰਾਂ ਵਿਚ ਵਿਧਵਾ ਹੋਈਆਂ ਔਰਤਾਂ ਔਲਾਦ ਜਾਂ ਪੁੱਤਾਂ ਦੀਆਂ ਪ੍ਰਾਪਤੀਆਂ ਕਾਰਣ ਮੁੜ ਆਪਣੇ-ਆਪ ਨੂੰ ਸੁਹਾਗਣਾਂ ਹੋਈਆਂ ਸਮਝਦੀਆਂ ਹਨ। ਔਲਾਦ ਤੋਂ ਸੰਤੁਸ਼ਟੀ ਨੂੰ ਵੀ ਮੁੜ ਸੁਹਾਗਣ ਹੋ ਜਾਣ ਦੇ ਸੰਕਲਪ ਵਜੋਂ ਲੇਖਕ ਜ਼ਿੰਦਗੀ ਨੂੰ ਨਵੇਂ ਸਿਰਜਣਾਤਮਕ ਅਰਥ ਦੇਂਦਾ ਹੈ।

'ਕੇਸੂ ਦੇ ਫੁੱਲ' ਕਹਾਣੀ ਵਿਚ ਕਿਸਾਨੀ ਦੀ ਮੰਦਹਾਲੀ ਦਾ ਜ਼ਿਕਰ ਹੈ। 'ਘਰ ਵਿਚ ਇਤਨੀ ਗ਼ਰੀਬੀ ਆ ਗਈ ਕਿ ਮਾਮੇ ਨੂੰ ਰੁਜ਼ਗਾਰ ਲਈ ਪਰਦੇਸ ਜਾਣਾ ਪੈ ਗਿਆ ਸੀ।'[53] ਇਸ ਤਰ੍ਹਾਂ ਪਰਵਾਸ ਦਾ ਰੁਝਾਨ ਆਰਥਕ ਸੰਕਟ ਤੋਂ ਪ੍ਰੇਰਿਤ ਦਿਸਦਾ ਹੈ। ਇਸ ਕਹਾਣੀ ਵਿਚ ਪੇਂਡੂ ਸਮਾਜ ਵਿਚ ਬੱਚਿਆਂ ਦੇ ਨਾਨਕਿਆਂ ਨਾਲ ਭਾਵੁਕ ਮੋਹ ਨੂੰ ਪੇਸ਼ ਕੀਤਾ ਗਿਆ ਹੈ। ਇਸ ਕਹਾਣੀ ਵਿਚ ਮੁਰੱਬੇਬੰਦੀ ਕਾਰਣ ਕੁਦਰਤੀ ਸੁਹੱਪਣ ਦੇ ਹੋਏ ਨੁਕਸਾਨ ਨੂੰ ਚਿਤਰਿਆ ਗਿਆ ਹੈ। ਮੁਰੱਬੇਬੰਦੀ ਨਾਲ ਇਕ ਥਾਂ ਹੋਈ ਜ਼ਮੀਨ ਵਿਚੋਂ ਉਨ੍ਹਾਂ ਨੇ ਢੱਕ ਤੇ ਪਲਾਹ ਦੇ ਬਿਰਛ ਚੁਣ-ਚੁਣ ਕੇ ਮਾਰ ਦਿੱਤੇ ਸਨ। ਅੱਜ ਉਨ੍ਹਾਂ ਦੇ ਖੇਤ ਵਿਚ ਵੀ ਫੱਗਣ ਚੇਤਰ ਦੀ ਰੁੱਤ ਕੇਸੂ ਦੇ ਅੱਗ ਵਾਂਗਰ ਤੜਫਦੇ ਫੁੱਲਾਂ ਦੀ ਰੌਣਕ ਤੋਂ ਬਿਨਾਂ ਹੀ ਲੰਘ ਜਾਂਦੀ ਸੀ।[54]

ਕਹਾਣੀਕਾਰ ਜਿਵੇਂ ਪੀੜ੍ਹੀ-ਪਾੜੇ ਨਾਲ ਨਾਨਕਿਆਂ ਨਾਲ ਘਟ ਗਏ ਮੋਹ ਨੂੰ ਚਿਤਰਦਾ ਹੈ, ਤਿਵੇਂ ਹੀ ਸਮੇਂ ਦੀ ਤਬਦੀਲੀ ਨਾਲ ਕੁਦਰਤੀ ਸੁਹਜ-ਸਜਾਵਟ ਪ੍ਰਤਿ ਵੀ ਕਿਸਾਨੀ ਨਿਰਮੋਹੀ ਹੋਈ ਵਿਖਾਈ ਦੇਂਦੀ ਹੈ। ਇਸ ਤਰ੍ਹਾਂ ਕਹਾਣੀਕਾਰ ਆਧੁਨਿਕਤਾ ਜਾਂ ਨਵੇਂ ਜ਼ਮਾਨੇ ਦੇ ਸਨਮੁੱਖ ਪਰੰਪਰਾ ਨੂੰ ਤਿੜਕਦਿਆਂ ਤੇ ਟੁੱਟਦਿਆਂ ਵਿਖਾਉਂਦਾ ਹੈ। ਅਜੋਕੇ ਸਮਿਆਂ ਵਿਚ ਖੇਤੀ ਕਾਰਣ ਹੋ ਰਹੇ ਪ੍ਰਦੂਸ਼ਿਤ ਵਾਤਾਵਰਣ ਅਤੇ ਪਾਣੀ ਦੇ ਸੰਕਟ ਦਾ ਜੋ ਜ਼ਿਕਰ ਅਸੀਂ ਅੱਜ ਕਰ ਰਹੇ ਹਾਂ, ਸੇਖੋਂ ਇਸਦਾ ਮੁੱਢ ਵੀਹਵੀਂ ਸਦੀ ਦੇ ਪੰਜਾਹਵਿਆਂ ਵਿਚ ਹੀ ਬੱਝਦਾ ਚਿਤਵਦਾ ਹੈ।

'ਇਕ ਕਠਿਨ ਸਮੱਸਿਆ' ਬਾਰਾਂ ਦੇ ਆਬਾਦ ਹੋਣ ਨਾਲ ਖੇਤੀ ਵਿਚ ਲੱਗੇ ਕਿਸਾਨਾਂ ਨਾਲ ਸੰਬੰਧਿਤ ਹੈ। ਬਾਰਾਂ ਦੇ ਆਬਾਦ ਹੋਣ ਨਾਲ ਕਿਸਾਨੀ ਆਰਥਕ ਪੱਖੋਂ ਖ਼ੁਸ਼ਹਾਲ ਹੋਈ। ਸ਼ਿਆਮੇ ਨੂੰ ਬਾਰਾਂ ਵਿਚ ਮੁਰੱਬਾ ਮਿਲ ਜਾਣ ਕਰਕੇ ਉਸਦੀ ਆਰਥਿਕ ਹਾਲਤ ਸੁਧਰ ਜਾਂਦੀ ਹੈ, ਪਰ ਪਕੇਰੀ ਉਮਰ ਹੋ ਜਾਣ ਕਰਕੇ ਵਿਆਹ ਦੀ ਸੰਭਾਵਨਾ ਖ਼ਤਮ ਹੋ ਗਈ ਹੈ ਤੇ ਉਹ ਭਗਵਾਨੀ ਝਿਊਰੀ ਵੱਲ ਆਕਰਸ਼ਿਤ ਹੋ ਜਾਂਦਾ ਹੈ। ਇਹ ਕਹਾਣੀ ਸ਼ਿਆਮੇ ਦੁਆਰਾ ਭਗਵਾਨੀ ਨੂੰ ਪਤਨੀ ਬਣਾਉਣ ਤੇ ਬਰਾਦਰੀ ਦੀ ਸਵੀਕ੍ਰਿਤੀ ਦੇ ਮਸਲੇ ਉੱਪਰ ਕੇਂਦ੍ਰਿਤ ਹੈ। ਵਿਰੋਧਾਂ ਤੋਂ ਬਾਅਦ ਬਰਾਦਰੀ ਦੀ ਪ੍ਰਵਾਨਗੀ ਉਸਨੂੰ ਹਾਸਿਲ ਹੋ ਜਾਂਦੀ ਹੈ, ਭਾਵੇਂ ਪੇਂਡੂ ਭਾਈਚਾਰਾ ਆਪਣੀ ਸਮਾਜਕਤਾ ਕਾਰਣ ਚੀੜ੍ਹਾ ਹੈ, ਪਰ ਆਪਣੇ ਵੱਡੇ ਹਾਜ਼ਮੇ ਕਾਰਣ ਸਭ ਕੁਝ ਨੂੰ ਆਪਣੇ ਵਿਚ ਸਮਾਅ ਲੈਂਦਾ ਹੈ। ਪਿੰਡ ਵਾਲਿਆਂ ਨੂੰ ਸ਼ਿਆਮੇ ਦਾ ਈਸਾਈ ਬਣਨਾ ਮਨਜ਼ੂਰ ਨਹੀਂ, ਪਰ ਭਾਈਚਾਰਾ ਭਗਵਾਨੀ ਨੂੰ ਜੱਟੀ ਬਣਾ ਕੇ ਆਪਣੇ ਵਿਚ ਸ਼ਾਮਲ ਕਰਨਾ ਮਨਜ਼ੂਰ ਕਰ ਲੈਂਦਾ ਹੈ। ਇਸ ਵਿਚੋਂ ਵੀ ਪੇਂਡੂ ਭਾਈਚਾਰੇ ਨੂੰ ਆਪਣੀ ਜਿੱਤ ਦਾ ਅਹਿਸਾਸ ਹੁੰਦਾ ਹੈ। ਇਹ ਕਹਾਣੀ ਲੁਕਵੇਂ ਰੂਪ ਵਿਚ ਜ਼ਮੀਨ ਦੀ ਮਾਲਕੀ ਨੂੰ ਵੱਡੀ ਤਾਕਤ ਵਜੋਂ ਉਭਾਰਦੀ ਹੈ, ਜਿਸਦੇ ਸਾਹਮਣੇ ਬਾਕੀ ਸਭ ਮਸਲੇ ਗੌਣ ਹਨ। ਜੱਟ ਬਰਾਦਰੀ ਕਿਸੇ ਹੋਰ ਨੂੰ ਤਾਂ ਆਪਣੇ ਵਿਚ ਰਲਾ ਲੈਂਦੀ ਹੈ, ਪਰ ਆਪਣੇ ਕਿਸੇ ਦਾ ਬਾਹਰ ਜਾਣਾ ਸਵੀਕਾਰ ਨਹੀਂ ਕਰਦੀ। ਇਸ ਵਿਚ ਕਿਸਾਨੀ ਦੀ ਆਪਣੀ ਵਿਸ਼ੇਸ਼ ਪ੍ਰਭੁਤਾ ਦੇ ਭਾਵ ਛੁਪੇ ਮਿਲਦੇ ਹਨ।

'ਪੁੱਤਰ ਤੇ ਭਰਾ', 'ਮਾੜੇ ਦਾ ਜਬਰ', 'ਜੇ ਮੈਂ ਮੁੰਡਾ ਹੁੰਦੀ', 'ਜਿੱਤ ਹਾਰ', 'ਕਾਗਜ਼ੀ ਭਰੋਸੇ', 'ਪੰਜਾਹ ਹਜ਼ਾਰ ਦਾ ਚੱਕਰ', 'ਅਮਾਨਤ', 'ਪਹਿਲਾ ਲੱਖ' ਅਜਿਹੀਆਂ ਕਹਾਣੀਆਂ ਹਨ ਜਿਨ੍ਹਾਂ ਵਿਚ ਕਿਸਾਨੀ ਸਮਾਜ ਦੇ ਕੁਝ ਹੋਰ ਵੇਰਵੇ ਦਰਜ ਹਨ, ਪਰ ਕਿਸਾਨੀ ਦੇ ਸੰਕਟਾਂ ਜਾਂ ਸਮੱਸਿਆਵਾਂ ਦਾ ਜ਼ਿਕਰ ਨਹੀਂ ਹੈ। ਸੇਖੋਂ ਦੀਆਂ ਇਸ ਸੰਗ੍ਰਹਿ ਵਿਚ ਸ਼ਾਮਲ ਕਹਾਣੀਆਂ ਆਜ਼ਾਦੀ ਤੋਂ ਤਕਰੀਬਨ ਤਿੰਨ ਦਹਾਕੇ ਬਾਅਦ ਲਿਖੀਆਂ ਗਈਆਂ ਹਨ, ਜਦੋਂ ਲੇਖਕ ਤਕਰੀਬਨ ਪੌਣੀ ਸਦੀ ਹੰਢਾ ਚੁੱਕਾ ਸੀ। ਲੇਖਕ ਇਨ੍ਹਾਂ ਕਹਾਣੀਆਂ ਵਿਚ ਸ਼ਾਮਲ ਵਸਤੂ-ਜਗਤ ਵੱਲ ਕਈ ਦਹਾਕਿਆਂ ਤੱਕ ਪ੍ਰੇਰਿਤ

ਰਿਹਾ ਹੈ। ਪਰ ਪ੍ਰੇਰਣਾ ਤੇ ਰਚਨਾ ਵਿਚਲਾ ਕਾਲਿਕੀ ਅੰਤਰ ਇਨ੍ਹਾਂ ਕਹਾਣੀਆਂ ਦੁਆਲੇ ਫੈਲਿਆ ਹੋਇਆ ਪ੍ਰਤੀਤ ਹੁੰਦਾ ਹੈ। ਕਾਲਿਕੀ ਅੰਤਰ ਕਰਕੇ ਵਸਤੂ-ਜਗਤ ਦੀ ਵਾਸਤਵਿਕਤਾ ਦਾ ਪਿੱਠ ਭੂਮੀ ਵਿਚ ਚਲੇ ਜਾਣਾ ਤੇ ਅੰਤ੍ਰੀਵਤਾ ਦਾ ਅਗਰਭੂਮੀ ਵਿਚ ਆ ਜਾਣਾ ਸੁਭਾਵਿਕ ਹੈ। ਇਸੇ ਕਰਕੇ ਇਹ ਕਹਾਣੀਆਂ ਅਭਿਵਿਅਕਤੀ ਪ੍ਰਧਾਨ ਹਨ।[55]

ਸੰਤ ਸਿੰਘ ਸੇਖੋਂ ਦੀਆਂ ਕਹਾਣੀਆਂ ਆਪਣੇ ਸਮਿਆਂ ਦੀਆਂ ਇਤਹਾਸਕ ਤਬਦੀਲੀਆਂ ਦੇ ਸ੍ਰੋਤ ਵਜੋਂ ਵੇਖੀਆਂ ਜਾ ਸਕਦੀਆਂ ਹਨ। ਇਨ੍ਹਾਂ ਵਿਚ ਕਿਸਾਨੀ ਦੀ ਮੰਦੀ ਆਰਥਕ ਹਾਲਤ, ਸ਼ਾਹੂਕਾਰਾਂ ਦੇ ਕਰਜ਼ੇ, ਛੋਟੂ ਰਾਮ ਦੀ ਕਿਸਾਨ ਬਚਾਓ ਸਿਆਸਤ, ਕਿਸਾਨੀ ਵਿਚ ਆ ਰਹੀ ਚੇਤਨਾ, ਦੂਸਰਾ ਮਹਾਂਯੁੱਧ, ਨਵੀਂ ਮੱਧ ਸ਼੍ਰੇਣੀ ਦਾ ਉਦਭਵ ਤੇ ਪਰਵਾਸ ਵਗੈਰਾ ਦੇ ਵੇਰਵੇ ਵੇਖੇ ਜਾ ਸਕਦੇ ਹਨ। ਸੇਖੋਂ ਜਦੋਂ ਵੀ ਕਦੀ ਆਪਣੀਆਂ ਕਹਾਣੀਆਂ ਵਿਚ ਸ਼ਹਿਰੀ ਜੀਵਨ ਦੀ ਝਲਕ ਵਿਖਾਉਂਦਾ ਹੈ ਤਾਂ ਇਸ ਤਰ੍ਹਾਂ ਲੱਗਦਾ ਹੈ ਕਿ ਜਿਵੇਂ ਉਹ ਆਪਣੀ ਜਾਣੀ-ਪਛਾਣੀ ਦੁਨੀਆਂ ਦਾ ਤਿਆਗ ਕਰਕੇ ਕਿਸੇ ਓਪਰੀ ਦੁਨੀਆਂ ਵਿਚ ਪ੍ਰਵੇਸ਼ ਕਰ ਗਿਆ ਹੋਵੇ। ਅਜਿਹੀ ਦੁਨੀਆ ਜਿਸਦੇ ਭੇਦ ਆਪਣੇ ਦਿਲ ਖੋਲ੍ਹ ਕੇ ਉਸਨੂੰ ਵਿਖਾਉਣ ਤੋਂ ਸੰਕੋਚਵਾਨ ਹਨ।[56] ਇਹ ਕਹਾਣੀਆਂ ਆਪਣੇ ਸਮੇਂ ਦੇ ਇਤਹਾਸ ਦੀ ਪੇਸ਼ਕਾਰੀ ਨਹੀਂ ਕਰਦੀਆਂ ਪਰ ਇਨ੍ਹਾਂ ਵਿਚ ਪਾਤਰਾਂ ਦੀਆਂ ਆਰਥਕ ਔਕੜਾਂ ਤੇ ਭਾਵੁਕ ਸਮੱਸਿਆਵਾਂ ਦੀ ਭਾਵਪੂਰਤ ਪੇਸ਼ਕਾਰੀ ਹੋਈ ਹੈ। ਸੇਖੋਂ ਆਪਣੀਆਂ ਕਹਾਣੀਆਂ ਵਿਚ ਆਪਣੇ ਅਸਤਿਤਵ ਲਈ ਸੰਘਰਸ਼ ਕਰ ਰਹੇ ਮਨੁੱਖ[57] ਅਤੇ ਮਨੁੱਖ ਦੀ ਅੰਤਿਮ ਜਿੱਤ ਵਿਚ ਵਿਸ਼ਵਾਸ ਰੱਖਣ ਵਾਲੇ ਕਹਾਣੀਕਾਰ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ।[58] ਸੇਖੋਂ ਦੀਆਂ ਕਹਾਣੀਆਂ ਦੇ ਪਾਤਰ ਔਕੜਾਂ ਜਾਂ ਮੁਸ਼ਕਲਾਂ ਸਾਹਮਣੇ ਆਪਣਾ ਸ੍ਵੈ-ਮਾਣ ਕਾਇਮ ਰੱਖਦੇ ਹਨ। ਸੰਤ ਸਿੰਘ ਸੇਖੋਂ ਇਸ ਵਰਗ ਦੀਆਂ ਬੇਬਸੀਆਂ, ਲਾਚਾਰੀਆਂ ਅਤੇ ਅਤ੍ਰਿਪਤੀਆਂ ਦਾ ਰੁਦਨ ਨਹੀਂ ਕਰ ਰਿਹਾ, ਉਨ੍ਹਾਂ ਦੇ ਜੂਝਦੇ ਆਪੇ ਦਾ ਗੌਰਵ ਚਿਤਰ ਰਿਹਾ ਹੈ।[59] ਇਹ ਵਿਚਾਰੇ ਜਾਂ ਤਰਸ ਦੇ ਪਾਤਰ ਨਹੀਂ। ਇਹ ਸਾਧਾਰਨ ਤਾਂ ਹਨ, ਪਰ ਕਮਜ਼ੋਰ ਨਹੀਂ। ਸੇਖੋਂ ਪਾਤਰਾਂ ਦੀਆਂ ਸਮੱਸਿਆਵਾਂ ਦੇ ਸਰਲ-ਸਿੱਧੇ ਹੱਲ ਦਾ ਕਹਾਣੀਕਾਰ ਨਹੀਂ, ਵਸਤੂ ਸਥਿਤੀ ਦਾ

ਕਹਾਣੀਕਾਰ ਹੈ।

ਸੰਤ ਸਿੰਘ ਸੇਖੋਂ ਦੀਆਂ ਕਹਾਣੀਆਂ ਦੇ ਘਟਨਾ-ਪ੍ਰਬੰਧ ਵਿਚ ਕੋਈ ਬਣਾਵਟੀਪਨ ਨਹੀਂ। ਇਨ੍ਹਾਂ ਦੀ ਬਣਤਰ ਸਹਿਜ ਤੇ ਸੁਭਾਵਕ ਰੂਪ ਵਾਲੀ ਹੈ। ਪਾਤਰਾਂ ਦੀ ਭਾਸ਼ਾ ਉਨ੍ਹਾਂ ਦੇ ਸਮਾਜਕ ਰੁਤਬੇ ਮੁਤਾਬਿਕ ਢੁਕਵੀਂ ਹੈ, ਪੇਂਡੂ ਪਾਤਰ ਆਪਣੇ ਮੁਸ਼ੱਕਤ ਭਰੇ ਤੇ ਔਖੇ ਕਿੱਤੇ ਦੇ ਅਨੁਕੂਲ ਖਰ੍ਹਵੀ ਭਾਸ਼ਾ ਬੋਲਦੇ ਹਨ। ਸੇਖੋਂ ਦਾ ਕਹਾਣੀ ਬਿਰਤਾਂਤ ਲਕੀਰੀ ਕਿਸਮ ਦਾ ਹੈ। ਇਸ ਵਿਚ ਵਿਧੀਵਾਦ ਵਾਲੀ ਕੋਈ ਉਚੇਚ ਨਹੀਂ ਹੈ। 'ਉਸਦੀਆਂ ਬਹੁਤੀਆਂ ਕਹਾਣੀਆਂ ਇਕਹਿਰੇ ਪਲਾਟ ਦੀਆਂ ਹੁੰਦੀਆਂ ਹਨ, ਪਰ ਜਿੱਥੇ ਕਿਤੇ ਦੂਹਰੇ ਪਲਾਟ ਦੀ ਕਹਾਣੀ ਲਿਖੀ ਵੀ ਹੈ, ਇੰਜ ਜਾਪਦਾ ਹੈ ਜਿਵੇਂ ਦੂਜਾ ਪਲਾਟ ਵੀ ਕਹਾਣੀ ਦੀ ਥੀਮ ਦਾ ਹੀ ਇਕ ਹਿੱਸਾ ਹੈ।[60] ਸੇਖੋਂ ਦੀਆਂ ਕਹਾਣੀਆਂ ਕਹਾਣੀ ਵਿਧਾ ਦੀ ਆਤਮਾ ਦੇ ਅਨੁਕੂਲ ਹਨ। ਇਸੇ ਕਰਕੇ ਸੇਖੋਂ ਨੂੰ ਕਹਾਣੀ ਆਤਮਾ ਨੂੰ ਸਮਝਣ ਵਾਲੇ ਕਹਾਣੀਕਾਰ ਦੇ ਰੂਪ ਵਿਚ ਜਾਣਿਆ ਜਾਂਦਾ ਹੈ।[61] ਸੇਖੋਂ ਨੂੰ ਅਜੋਕੀ ਪੰਜਾਬੀ ਕਹਾਣੀ ਦਾ ਉਸਰੱਈਆ ਤੇ ਪੱਥ ਪ੍ਰਦਰਸ਼ਕ ਮੰਨਿਆ ਜਾਂਦਾ ਹੈ। ਨਿੱਕੀ ਕਹਾਣੀ ਅਸਲ ਵਿਚ ਕੀ ਹੁੰਦੀ ਹੈ ਜਾਂ ਇਹ ਕਿਵੇਂ ਦੀ ਹੁੰਦੀ ਹੈ, ਇਹ ਮਸਲੇ ਸੇਖੋਂ ਦੀਆਂ ਕਹਾਣੀਆਂ ਦੇ ਲਿਖੇ ਜਾਣ ਨਾਲ ਹੱਲ ਹੁੰਦੇ ਵਿਖਾਈ ਦੇਂਦੇ ਹਨ।

✤✤✤✤✤

## ਹਵਾਲੇ ਅਤੇ ਟਿੱਪਣੀਆਂ

1. ਡਾ. ਗੁਰਬਖਸ਼ ਸਿੰਘ ਫਰੈਂਕ, *ਨਿੱਕੀ ਕਹਾਣੀ ਤੇ ਪੰਜਾਬੀ ਨਿੱਕੀ ਕਹਾਣੀ,* ਪੰਨਾ 10.
2. ਡਾ. ਤੇਜਵੰਤ ਸਿੰਘ ਗਿੱਲ (ਸੰਪ.), 'ਪੰਜਾਬੀ ਵਿਚ ਨਿੱਕੀ ਕਹਾਣੀ ਦਾ ਆਰੰਭ', *ਕਥਾ ਪੰਧ,* ਪੰਨੇ 11-12.
3. ਡਾ. ਸਵਿੰਦਰ ਸਿੰਘ ਉੱਪਲ, *ਪੰਜਾਬੀ ਕਹਾਣੀਕਾਰ,* ਪੰਨਾ 165.
4. ਡਾ. ਅਤਰ ਸਿੰਘ, *ਦ੍ਰਿਸ਼ਟੀਕੋਣ,* ਪੰਨਾ 267.
5. ਬਲਬੀਰ ਸਿੰਘ ਸੰਧੂ, 'ਸੇਖੋਂ ਦੀ ਕਹਾਣੀ ਕਲਾ', *ਪੰਜਾਬੀ ਕਹਾਣੀ,* (ਸੰਪ. ਜੀਤ ਸਿੰਘ ਸੀਤਲ), ਪੰਨਾ 278.
6. ਦਲੀਪ ਕੌਰ ਟਿਵਾਣਾ, *ਪੰਜ ਪ੍ਰਮੁੱਖ ਕਹਾਣੀਕਾਰ,* ਪੰਨਾ 75.
7. ਸੋਹਣ ਸਿੰਘ ਜੋਸ਼, 'ਮੁੱਖ ਬੰਦ', *ਕਥਾ ਪੰਧ,* (ਸੰਪ. ਡਾ. ਤੇਜਵੰਤ ਸਿੰਘ ਗਿੱਲ), ਪੰਨਾ 17.
8. *ਕਥਾ ਪੰਧ,* ਪੰਨਾ 154.
9. *ਉਹੀ,* ਪੰਨਾ 130.
10. *ਉਹੀ,* ਪੰਨਾ 1.
11. ਡਾ. ਅਤਰ ਸਿੰਘ, *ਪੰਜਾਬੀ ਸਾਹਿਤ ਦਾ ਇਤਹਾਸ,* (ਸੰਪ. ਕਿਰਪਾਲ ਸਿੰਘ ਕਸੇਲ), ਪੰਨਾ 381.
12. *ਕਥਾ ਪੰਧ,* ਪੰਨਾ 154.
13. *ਉਹੀ,* ਪੰਨਾ 133.
14. *ਉਹੀ,* ਪੰਨਾ 154.
15. *ਉਹੀ,* ਪੰਨਾ 266.
16. *ਉਹੀ,* ਪੰਨਾ 268.

17. ਦਲੀਪ ਕੌਰ ਟਿਵਾਣਾ, *ਪੰਜ ਪ੍ਰਮੁੱਖ ਕਹਾਣੀਕਾਰ*, ਪੰਨਾ 84.

18. *ਕਥਾ ਪੰਧ*, ਪੰਨਾ 89.

19. *ਉਹੀ*, ਪੰਨਾ 402.

20. *ਉਹੀ*, ਪੰਨਾ 159.

21. *ਉਹੀ*, ਪੰਨਾ 155.

22. *ਉਹੀ*, ਪੰਨਾ 273.

23. *ਉਹੀ।*

24. *ਉਹੀ*, ਪੰਨਾ 278.

25. ਰਣਜੀਤ ਸਿੰਘ, *ਪੰਜਾਬੀ ਕਿਸਾਨ*, ਪੰਨਾ 16.

26. *ਕਥਾ ਪੰਧ*, ਪੰਨਾ 33.

27. *ਉਹੀ*, ਪੰਨਾ 275.

28. *ਉਹੀ*, ਪੰਨਾ 277.

29. *ਉਹੀ*, ਪੰਨਾ 278.

30. *ਉਹੀ*, ਪੰਨਾ 156.

31. *ਉਹੀ*, ਪੰਨਾ 157.

32. Bhagwan Josh, ***Communist Movement in Punjab (1926-1947),*** pg. 15.

33. *ਕਥਾ ਪੰਧ*, ਪੰਨਾ 69.

34. ਬਲਬੀਰ ਸਿੰਘ ਸੰਧੂ, 'ਸੇਖੋਂ ਦੀ ਕਹਾਣੀ ਕਲਾ', *ਪੰਜਾਬੀ ਕਹਾਣੀ*, (ਸੰਪ. ਜੀਤ ਸਿੰਘ ਸੀਤਲ), ਪੰਨਾ 278.

35. ਏ. ਐਸ. ਪੰਛੀ, 'ਕਹਾਣੀਕਾਰ ਸੰਤ ਸਿੰਘ ਸੇਖੋਂ', *ਸਾਹਿਤ ਸਮਾਚਾਰ*, ਪੰਨਾ 445.

36. ਸੋਹਣ ਸਿੰਘ ਜੋਸ਼, 'ਮੁੱਖ ਬੰਦ', *ਸਮਾਚਾਰ*, ਪੰਨਾ 7.

37. *ਪੰਜਾਬੀ ਸਾਹਿਤ ਦਾ ਇਤਹਾਸ (ਭਾਗ ਦੂਜਾ),* (ਸੰਪ. ਕਿਰਪਾਲ ਸਿੰਘ ਕਸੇਲ), ਪੰਨਾ 381.

38. *ਕਥਾ ਪੰਧ,* ਪੰਨਾ 147.

39. *ਉਹੀ,* ਪੰਨਾ 150.

40. ਵੀ. ਆਈ. ਲੈਨਿਨ, *ਕਿਸਾਨੀ ਪ੍ਰਸ਼ਨ ਸੰਬੰਧੀ (ਪੰਜਾਬੀ ਅਨੁਵਾਦ),* ਪੰਨਾ 117.

41. *ਕਥਾ ਪੰਧ,* ਪੰਨਾ 184.

42. *ਉਹੀ,* ਪੰਨਾ 189.

43. *ਉਹੀ,* ਪੰਨਾ 187.

44. *ਉਹੀ,* ਪੰਨਾ 185.

45. ਸੰਤ ਸਿੰਘ ਸੇਖੋਂ, 'ਮੇਰੀ ਕਹਾਣੀ ਵਿਚ ਕੀ ਕੁਝ ਨਹੀਂ', *ਅੱਧੀਵਾਟ,* ਪੰਨਾ 14.

46. *ਕਥਾ ਪੰਧ,* ਪੰਨਾ 387.

47. *ਉਹੀ,* ਪੰਨਾ 22.

48. *ਉਹੀ,* ਪੰਨਾ 24.

49. *ਉਹੀ,* ਪੰਨਾ 29.

50. ਦਲੀਪ ਕੌਰ ਟਿਵਾਣਾ, *ਪੰਜ ਪ੍ਰਮੁੱਖ ਕਹਾਣੀਕਾਰ,* ਪੰਨਾ 76.

51. ਗੁਰਬਖਸ਼ ਸਿੰਘ ਪ੍ਰੀਤਲੜੀ, *ਮੇਰੀ ਜੀਵਨ ਕਹਾਣੀ-1,* ਪੰਨਾ 106.

52. *ਕਥਾ ਪੰਧ,* ਪੰਨਾ 493.

53. *ਉਹੀ,* ਪੰਨਾ 426.

54. *ਉਹੀ,* ਪੰਨਾ 428.

55. ਡਾ. ਅਤਰ ਸਿੰਘ, *ਦ੍ਰਿਸ਼ਟੀਕੋਣ,* ਪੰਨਾ 174.

56. ਡਾ. ਜੀਤ ਸਿੰਘ ਜੋਸ਼ੀ, 'ਆਧੁਨਿਕ ਪੰਜਾਬੀ ਕਹਾਣੀ ਦੇ ਖੇਤਰ ਵਿਚ ਸੇਖੋਂ ਦਾ ਯੋਗਦਾਨ',

*ਸੰਤ ਸਿੰਘ ਸੇਖੋਂ : ਰਚਨਾ ਸੰਸਾਰ,* (ਸੰਪ. ਡਾ. ਬਿਕਰਮ ਸਿੰਘ ਘੁੰਮਣ), ਪੰਨਾ 124.

57. ਦਲੀਪ ਕੌਰ ਟਿਵਾਣਾ, *ਪੰਜ ਪ੍ਰਮੁੱਖ ਕਹਾਣੀਕਾਰ,* ਪੰਨਾ 75.

58. *ਉਹੀ,* ਪੰਨਾ 79.

59. ਡਾ. ਧਨਵੰਤ ਕੌਰ, 'ਸੰਤ ਸਿੰਘ ਸੇਖੋਂ ਦਾ ਬ੍ਰਿਤਾਂਤਕ ਮਾਡਲ', *ਸੰਤ ਸਿੰਘ ਸੇਖੋਂ : ਰਚਨਾ ਸੰਸਾਰ,* (ਸੰਪ. ਡਾ. ਬਿਕਰਮ ਸਿੰਘ ਘੁੰਮਣ), ਪੰਨਾ 107.

60. ਏ. ਐਸ. ਪੰਛੀ, 'ਕਹਾਣੀਕਾਰ ਸੰਤ ਸਿੰਘ ਸੇਖੋਂ', *ਸਾਹਿਤ ਸਮਾਚਾਰ,* ਪੰਨਾ 181.

61. ਡਾ. ਅਤਰ ਸਿੰਘ, *ਸਾਹਿਤ ਸਮਾਚਾਰ,* ਪੰਨਾ 285.